# ਕੈਨੇਡਾ ਦਰਪਣ

30 ਅਕਤੂਬਰ, 1987

**October 30, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

Price 50¢ Weekending October 30, 1987 Vol. 6 No. 39 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

## 'ਸਰਬੱਤ ਖਾਲਸਾ' ਨਾ ਹੋਣ ਦਿੱਤਾ ਗਿਆ — ਅੰਮ੍ਰਿਤਸਰ 'ਚ ਕਰਫੀਊ

# ਤਿੰਨ ਜਥੇਦਾਰ ਗ੍ਰਿਫ਼ਤਾਰ

ਅੰਮ੍ਰਿਤਸਰ — ਦੀਵਾਲੀ ਦੇ ਮੌਕੇ ਉਤੇ ਅਖੌਤੀ ਪੰਥਕ ਕਮੇਟੀ ਵਲੋਂ ਸੱਦਿਆ ਗਿਆ 'ਸਰਬੱਤ ਖਾਲਸਾ' ਦਾ ਸਮਾਗਮ ਧਰਿਆ ਧਰਾਇਆ ਰਹਿ ਗਿਆ ਜਦ ਤਿੰਨ ਜਥੇਦਾਰਾਂ ਸਵਿੰਦਰ ਸਿੰਘ, ਜਸਵੰਤ ਸਿੰਘ ਤੇ ਕਸ਼ਮੀਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਅਣਮਿਥੇ ਸਮੇਂ ਲਈ ਕਰਫੀਊ ਲਾਗੂ ਕਰ ਦਿੱਤਾ ਗਿਆ। ਇਹ 'ਸਰਬੱਤ ਖਾਲਸਾ' ਸਮਾਗਮ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ: ਦਰਸ਼ਨ ਸਿੰਘ ਨੂੰ ਹਟਾ ਕੇ ਨਵਾਂ ਜਥੇਦਾਰ ਨਿਯੁਕਤ ਕਰਨ ਲਈ ਬੁਲਾਇਆ ਗਿਆ ਸੀ।

### 230 ਗ੍ਰਿਫਤਾਰੀਆਂ

ਪੁਲਸ ਅਤੇ ਸੁਰੱਖਿਆ ਦਸਤਿਆਂ ਨੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਦਾਖਲ ਹੋ ਕੇ 230 ਵਿਅਕਤੀ ਗ੍ਰਿਫਤਾਰ ਕੀਤੇ ਹਨ ਜਿਨ੍ਹਾਂ ਵਿਚੋਂ ਬਹੁਤੇ ਬੰਗਲਾ ਦੇਸ਼ੀ ਦੱਸੇ ਜਾਂਦੇ ਹਨ। ਕੰਪਲੈਕਸ ਦੀਆਂ ਹੋਰ ਬਿਲਡਿੰਗਾਂ ਦੀ ਵੀ ਤਲਾਸ਼ੀ ਲਈ ਗਈ ਦੱਸੀ ਗਈ ਹੈ। ਹਰਿਮੰਦਰ ਕੰਪਲੈਕਸ ਦੇ ਬਾਹਰ ਸੀ. ਆਰ. ਪੀ. ਦੀਆਂ ਟੁਕੜੀਆਂ ਵੱਡੀ ਗਿਣਤੀ ਵਿਚ ਤਾਈਨਾਤ ਹਨ।

### ਖਾਲਿਸਤਾਨੀ ਅਨਸਰ ਪ੍ਰਕਰਮਾ ਵਿਚ

ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਖਾਲਿਸਤਾਨੀ ਅਨਸਰ ਪ੍ਰਕਰਮਾ ਦੇ ਕਮਰਿਆਂ ਵਿਚ ਚਲਾ ਗਿਆ ਹੈ — ਇਸ ਲਈ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ ਥਾਵਾਂ ਉਤੇ ਕੋਈ ਵੀ ਸ਼ੱਕੀ ਵਿਅਕਤੀ ਨਹੀਂ ਫੜਿਆ ਗਿਆ। ਸਾਡੇ ਪੱਤਰਪ੍ਰੇਰਕ ਦਾ ਕਹਿਣਾ ਹੈ ਕਿ ਪੁਲਸ ਪ੍ਰਕਰਮਾ ਵਿਚ ਜਾਣ ਤੋਂ ਦਰੇਗ਼ ਕਰ ਰਹੀ ਹੈ ਤਾਂਕਿ ਧਾਰਮਿਕ ਜਜ਼ਬਾਤ ਨਾ ਭੜਕਣ। ਪਰ ਜੇ ਕੋਈ ਚਾਰਾ ਨਾ ਰਿਹਾ ਤਾਂ ਇਹ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ ਕਿ ਖਾਲਿਸਤਾਨੀ ਅਨਸਰ ਨੂੰ ਫੜਨ ਲਈ ਪੁਲਸ ਪਰਕਰਮਾ ਵਿਚ ਵੀ ਚਲੀ ਜਾਵੇ।

### ਜਥੇਦਾਰਾਂ ਦੀ ਗ੍ਰਿਫ਼ਤਾਰੀ

ਯਾਦ ਰਹੇ ਕਿ ਪਿਛਲੇ ਦਿਨੀਂ ਜਥੇਦਾਰ ਸਵਿੰਦਰ ਸਿੰਘ, ਜਥੇਦਾਰ

ਬਾਕੀ ਪੰਨਾ 3 'ਤੇ

## ਦੱਖਣੀ ਦਿੱਲੀ ਵਿਚ 11 ਬੰਦੇ ਹਲਾਕ — 7 ਜ਼ਖਮੀ

### ਚਾਰ ਦਹਿਸ਼ਤਗਰਦਾਂ ਵਲੋਂ ਅੰਧਾਧੁੰਧ ਗੋਲੀ

ਦਿੱਲੀ — ਦੱਖਣੀ ਦਿੱਲੀ ਦੇ ਸੰਘਣੀ ਆਬਾਦੀ ਵਾਲੇ ਇਲਾਕੇ ਵਿਚ ਚਾਰ ਦਹਿਸ਼ਤਗਰਦਾਂ ਨੇ ਚਾਰ ਹਿੰਦੂ ਘਰਾਂ ਉਤੇ ਹਮਲੇ ਕਰਕੇ ਅੰਧਾਧੁੰਧ ਗੋਲੀ ਚਲਾਈ ਜਿਸ ਕਾਰਨ 11 ਵਿਅਕਤੀ ਹਲਾਕ ਹੋ ਗਏ ਤੇ ਸੱਤ ਜ਼ਖਮੀ ਹੋਏ ਹਨ। ਦਹਿਸ਼ਤਗਰਦ ਮੋਟਰ ਸਾਈਕਲਾਂ ਉਤੇ ਸਵਾਰ ਸਨ। ਗੋਲੀਆਂ ਸੜਕ ਉਤੇ ਤੁਰੇ ਜਾਂਦੇ ਲੋਕਾਂ ਵੱਲ ਵੀ ਚਲਾਈਆਂ ਗਈਆਂ।

ਬੀ. ਬੀ. ਸੀ. ਦੀ ਖਬਰ ਅਨੁਸਾਰ ਗੋਲੀਆਂ ਚਲਾਉਣ ਤੋਂ ਪਿਛੋਂ ਹਮਲਾਆਵਰ ਮੋਟਰ ਸਾਈਕਲ ਉਥੇ ਹੀ ਛੱਡ ਕੇ ਇਕ ਬੱਸ ਉਤੇ ਸਵਾਰ ਹੋ ਗਏ। ਉਨ੍ਹਾਂ ਕ੍ਰਿਕਟ ਯੂਨੀਫਾਰਮਾਂ ਪਾਈਆਂ ਹੋਈਆਂ ਸਨ ਅਤੇ ਹੱਥਾਂ ਵਿਚ ਥੈਲੇ ਸਨ। ਸਵਾਰੀਆਂ ਨੂੰ ਥੈਲੇ ਦੇਖ ਕੇ ਸ਼ੱਕ ਪੈ ਗਿਆ ਤੇ ਉਨ੍ਹਾਂ ਰੌਲਾ ਪਾ ਦਿੱਤਾ।

ਪਿਛਾ ਕਰ ਰਹੀ ਪੁਲਸ ਨੇ ਬੱਸ ਨੂੰ ਆ ਘੇਰਿਆ। ਇਕ ਬੰਦੂਕਧਾਰੀ ਮੌਕੇ ਉਤੇ ਹੀ ਮਾਰਿਆ ਗਿਆ ਅਤੇ ਤਿੰਨ ਭੱਜਣ ਵਿਚ ਸਫਲ ਹੋ ਗਏ ਜਿਨ੍ਹਾਂ ਦਾ ਪਿਛਾ ਪੁਲਸ ਵਲੋਂ ਜਾਰੀ ਹੈ।

### ਦਿੱਲੀ ਵਿਚ ਤਣਾਅ

ਇਸ ਘਟਨਾ ਤੋਂ ਪਿਛੋਂ ਇਕ ਦਮ ਦਿੱਲੀ ਵਿਚ ਤਣਾਅ ਪੈਦਾ ਹੋ ਗਿਆ ਹੈ ਪਰ ਅਜੇ ਤੱਕ ਕਿਸੇ ਅਣਸੁਖਾਵੀਂ ਘਟਨਾ ਦੀ ਖਬਰ ਨਹੀਂ ਹੈ। ਪੁਲਸ ਦੇ ਇਕ ਬੁਲਾਰੇ ਅਨੁਸਾਰ ਸਾਰੀ ਦਿੱਲੀ ਵਿਚ 'ਅਲਰਟ' ਕਰਾਰ ਦੇ ਦਿੱਤਾ ਗਿਆ ਹੈ ਤੇ ਹਮਲਾਆਵਰਾਂ ਦੀ ਸ਼ਨਾਖਤ ਕਰ ਲਈ ਗਈ ਹੈ।

## 'ਇੰਡੀਅਨ ਐਕਸਪ੍ਰੈਸ' ਅਖਬਾਰ ਦਾ ਮਾਲਕ ਗੋਇੰਨਕਾ ਗ੍ਰਿਫਤਾਰ

ਨਵੀਂ ਦਿੱਲੀ — 'ਇੰਡੀਅਨ ਐਕਸਪ੍ਰੈਸ' ਦੇ ਮਾਲਕ ਰਾਮਨਾਥ ਗੋਇਨਕਾ ਅਤੇ ਉਸਦੇ ਤਿੰਨ ਹੋਰ ਸਾਥੀਆਂ ਨੂੰ ਕੱਲ੍ਹ ਇਥੇ ਗ੍ਰਿਫਤਾਰ ਕਰ ਲਿਆ ਗਿਆ। ਇਹ ਗ੍ਰਿਫਤਾਰੀਆਂ ਸੱਤ ਲੱਖ ਰੁਪਏ ਦੇ ਫਰਾਡ ਨਾਲ ਸੰਬੰਧਤ ਹਨ ਜੋ ਯੂਰਪ ਵਿਚੋਂ ਮੰਗਾਈ ਮਸ਼ੀਨਰੀ ਉਤੇ ਗੋਇੰਨਕਾ ਨੇ ਟੈਕਸ ਆਦਿ ਅਦਾ ਨਹੀਂ ਕੀਤਾ।

ਯਾਦ ਰਹੇ ਕਿ ਇਹ ਅਖਬਾਰ ਰਾਜੀਵ-ਸਰਕਾਰ ਦਾ ਵਿਰੋਧੀ ਗਿਣਿਆ ਜਾਂਦਾ ਹੈ।

### ਵੀ. ਪੀ. ਹਮਾਇਤੀਆਂ ਦੀ ਪਹਿਲੀ ਕਨਵੈਨਸ਼ਨ

ਜੰਮੂ — ਸਾਬਕ ਮੰਤਰੀ ਸ੍ਰੀ ਵੀ ਪੀ ਸਿੰਘ ਦੇ ਹਮਾਇਤੀਆਂ ਨੇ ਆਪਣੀ ਪਹਿਲੀ ਕਨਵੈਨਸ਼ਨ 19 ਅਕਤੂਬਰ ਨੂੰ ਗੁਲਾਬ ਭਵਨ ਵਿਚ ਕੀਤੀ ਇਸ ਮੀਟਿੰਗ ਵਿਚ ਮੁਫਤੀ ਮੁਹੰਮਦ ਤੋਂ ਇਲਾਵਾ ਕਈ ਕੇਂਦਰੀ ਨੇਤਾ ਨੇ ਸੰਬੋਧਨ ਕੀਤਾ।



ਏ. ਸੀ. ਜਿਊਲਰਜ਼



9373 - 120 St. Delta, B.C.

PH. 588-5808

ਡੈਲਟਾ-ਸਰੀ ਨਿਵਾਸੀਆਂ ਨੂੰ ਹੁਣ ਹੋਰ ਥਾਂ ਜਾਣ ਦੀ ਲੋੜ ਨਹੀਂ — ਸਿੱਧੇ ਸਕਾਟ ਰੋਡ ਉਤੇ ਚਲੇ ਆਓ

ਆਪਣੀ ਮਰਜ਼ੀ ਦੇ ਗਹਿਣੇ ਬਣਵਾਓ — 40 ਸਾਲ ਦਾ ਤਜਰਬਾ

# PARADISE & NEW ART FILMS

PROUDLY PRESENT

# ਵੈਨਕੂਵਰ ਵਿਚ ਫ਼ਿਲਮੀ ਸਿਤਾਰੇ ਅਤੇ ਸਿੰਗਰਾਂ ਦਾ

# ਰੰਗਾ ਰੰਗ ਪ੍ਰੋਗਰਾਮ



**Milan Singh** — Golden Voice Wonder



**Sulakshan Pandit** — Melody Queen



**Vijyata** — The Teenage Heartthrob of "Love Story"



Ranjeeta

ਚੋਟੀ ਦੀਆਂ ਐਕਟਰਸਾਂ

**ਰਣਜੀਤਾ, ਸੁਲਕਸ਼ਨਾ ਪੰਡਿਤ,**

**ਵਿਜੇਤਾ ਪੰਡਿਤ**

ਤੇ

**ਡਾਂਸਰ ਜੈ ਸ਼ਿਰੀ ਟੀ.**

ਪਹਿਲੀ ਵਾਰ ਵੈਨਕੂਵਰ ਵਿਚ ਨਾਲ ਹਨ

**ਅਕਬਰ ਖਾਨ ਤੇ ਰਣਜੀਤ**

**ਕਾਮੇਡੀਅਨ ਸਾਹਿਰ ਵਿਜਨੌਰੀ**

**ਸਿੰਗਰ ਮਿਲਨ ਸਿੰਘ**

(Male ਤੇ Female ਆਵਾਜ਼)



JAYSHREE T. — Thundering Thighs

**ਸਿੰਗਰ ਲਲਿਤ — ਗੀਤਕਾਰ ਇੰਦੀਵਰ**

ਬੰਬਈ ਦੀ ਫਿਲਮ ਇੰਡਸਟਰੀ ਦੇ ਮਸ਼ਹੂਰ ਮਿਊਜ਼ਕ ਡਾਇਰੈਕਟਰ ਅਤੇ ਸਿੰਗਰ

**ਮਨਧੀਰ ਤੇ ਜੀਤੀਨ** (with 10 piece Orchestra)



Akbar Khan

# LIVE SHOW & DANCE

in original filmi costumes



Ranjit

## Queen Elizabeth Theatre

# Sun. Nov. 1st '87 at 7 p.m.

For more information Call :

Mangat Dhami — 591-1993

Indresh — 435-3638

Tickets : $15, $20, $25

Tickets Available From :

Goyal Video — 877-7778
Paramount Video — 584-5668
Annu Video — 324-1272
Soni & Sons Jewellers — 324-1012
Mann Music — 321-6667
Tasleem's Video — 873-2132, 325-9110
Bride & Groom Shop — 324-5662, 435-2421
Nishan Foods — 433-3207
Payl Saree — 584-6011
Sapna Sarees — 435-0056

# ਸ੍ਰੀਲੰਕਾ ਦੇ ਜਾਫ਼ਨਾ ਇਲਾਕੇ ਵਿਚ ਭਿਆਨਕ ਲੜਾਈ

## ਭਾਰਤੀ ਫੌਜਾਂ ਦੇ ਮੁਖੀ ਸੁੰਦਰਜੀ ਲੰਕਾ ਪੁੱਜੇ

ਕੋਲੰਬੋ — ਭਾਰਤੀ ਫੌਜਾਂ ਜੋ ਸ੍ਰੀਲੰਕਾ ਵਿਚ ਅਮਨ ਸਥਾਪਤ ਕਰਨ ਲਈ ਪੁਜੀਆਂ ਸਨ — ਇਸ ਸਮੇਂ ਤਾਮਿਲ ਗੁਰੀਲਿਆਂ ਦਾ ਸਖਤ ਮੁਕਾਬਲਾ ਕਰ ਰਹੀਆਂ ਹਨ। ਭਾਰਤ ਦੀ ਫੌਜ ਦੇ ਮੁੱਖੀ ਸ੍ਰੀ ਸੁੰਦਰਜੀ ਵੀ ਜ਼ਾਫਨਾ ਦੇ ਇਲਾਕੇ ਵਿਚ ਪੁਜ ਗਏ ਹਨ ਜਦਕਿ ਭਾਰਤੀ ਫੌਜਾਂ ਦੀ ਗਿਣਤੀ 15,000 ਤੋਂ ਵੱਧ ਦੱਸੀ ਜਾਂਦੀ ਹੈ। ਹੋਰ ਨਵੀਆਂ ਕੁਮਕਾਂ ਵੀ ਪੁਜ ਰਹੀਆਂ ਹਨ। ਭਾਰਤੀ ਫੌਜ ਇਸ ਸਮੇਂ ਆਖਰੀ ਲੜਾਈ ਲੜ ਰਹੀ ਹੈ ਹੁਣ ਤੱਕ ਭਾਰਤੀ ਫੌਜ ਦੇ 123 ਸਿਪਾਹੀ ਮਾਰੇ ਗਏ ਹਨ ਤੇ 25 ਲਾਪਤਾ ਹਨ। ਜ਼ਖਮੀਆਂ ਦੀ ਗਿਣਤੀ ਨਹੀਂ ਦੱਸੀ ਗਈ। ਜਦ ਕਿ ਪਿਛਲੇ ਤੇਰਾਂ ਦਿਨ ਵਿਚ 563 ਗੁਰੀਲੇ ਮਾਰੇ ਗਏ ਹਨ। ਕੱਲ੍ਹ ਦੀਆਂ ਘਟਨਾਵਾਂ ਵਿਚ 47 ਗੁਰੀਲੇ ਮਾਰੇ ਗਏ।

### ਪ੍ਰਭਾਕਰਨ ਮੰਦਰ ਵਿਚ

ਤਾਮਿਲ ਗੁਰੀਲਿਆਂ ਦਾ ਲੀਡਰ ਪ੍ਰਭਾਕਰਨ ਇਸ ਸਮੇਂ ਇਕ ਮੰਦਰ ਵਿਚ ਸ਼ਰਨ ਲੈ ਰਿਹਾ ਹੈ। ਮੰਦਰਾਂ ਵਿਚ ਸ਼ਰਨਾਰਥੀਆਂ ਦੀ ਗਿਣਤੀ ਤਿੰਨ ਲੱਖ ਤੋਂ ਵਧੇਰੇ ਹੈ। ਬੀ. ਬੀ. ਸੀ. ਅਨੁਸਾਰ ਭਾਰਤੀ ਫੌਜ ਵਲੋਂ ਚਲਾਏ ਗਏ ਗੋਲਿਆਂ ਨਾਲ ਇਕ ਮੰਦਰ ਦਾ ਵੀ ਨੁਕਸਾਨ ਹੋਇਆ ਹੈ ਤੇ ਇਕ ਹਸਪਤਾਲ ਦਾ ਵੀ।

### ਸਮੁੰਦਰੀ ਜਹਾਜ਼ ਰਵਾਨਾ

ਭਾਰਤ ਵਲੋਂ 'ਗਲੋਰੀ' ਨਾਂ ਦਾ ਇਕ ਜਹਾਜ਼ 630 ਟਨ ਖੁਰਾਕ, ਦਵਾਈਆਂ ਤੇ ਜ਼ਰੂਰੀ ਵਸਤੂਆਂ ਲੈ ਕੇ ਜ਼ਾਫਨਾ ਲਈ ਰਵਾਨਾ ਹੋ ਗਿਆ ਹੈ। ਰੈਡ ਕਰਾਸ ਦੀ ਟੀਮ ਵੀ ਇਸੇ ਸਮੁੰਦਰੀ ਜਹਾਜ਼ ਉਤੇ ਜਾ ਰਹੀ ਹੈ।

### ਹਥਿਆਰ ਸੁਟਣ ਵਾਲਿਆਂ ਨੂੰ ਮੁਆਫੀ

ਭਾਰਤੀ ਫੌਜ ਦੇ ਇਕ ਬੁਲਾਰੇ ਨੇ ਕਿਹਾ ਕਿ ਤਾਮਿਲ ਗੁਰੀਲੇ ਜੋ ਹਥਿਆਰ ਸੁੱਟ ਰਹੇ ਹਨ ਉਨ੍ਹਾਂ ਨੂੰ ਆਮ ਮੁਆਫੀ ਦਿਤੀ ਜਾ ਰਹੀ ਹੈ। ਖਬਰਾਂ ਅਨੁਸਾਰ ਪੰਜ ਇਲਾਕੇ ਅਜਿਹੇ ਹਨ ਜਿਥੇ ਤਾਮਿਲ ਗੁਰੀਲਿਆਂ ਦਾ ਹੱਥ ਅਜੇ ਵੀ ਉਤੇ ਹੈ ਅਤੇ ਫੌਜ ਨੂੰ ਹੈਲੀਕਾਪਟਰਾਂ ਰਾਹੀਂ ਹਥਿਆਰ ਸੁੱਟੇ ਜਾ ਰਹੇ ਹਨ।

### ਸਮਝੌਤੇ ਦੀ ਉਲੰਘਣਾ

ਭਾਰਤੀ ਫੌਜ ਦੇ ਬੁਲਾਰੇ ਨੇ ਕਿਹਾ ਕਿ ਭਾਰਤ ਸ੍ਰੀ ਲੰਕਾ ਦੀ ਏਕਤਾ ਬਚਾਉਣ ਲਈ ਇਹ ਕਦਮ ਪੁੱਟ ਰਿਹਾ ਹੈ। ਉਸਨੇ ਕਿਹਾ ਕਿ ਸਮਝੌਤੇ ਅਨੁਸਾਰ ਤਾਮਿਲ ਟਾਈਗਰਾਂ ਨੇ ਹਥਿਆਰ ਸੁੱਟ ਦੇਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਉਹ ਵਾਅਦਾ ਨਹੀਂ ਨਿਭਾਇਆ ਸਗੋਂ ਭਾਰਤੀ ਫੌਜ ਨਾਲ ਟੱਕਰ ਲੈ ਗਈ। ਫੌਜ ਦੇ ਮੁਖੀ ਜਤਿੰਦਰ ਸਿੰਘ ਨੇ ਕਿਹਾ ਕਿ ਲੜਾਈ ਆਖਰੀ ਦੌਰ ਵਿਚ ਪੁੱਜ ਗਈ ਹੈ ਤੇ ਕੁਝ ਦਿਨਾਂ ਅੰਦਰ ਹੀ ਤਾਮਿਲ ਟਾਈਗਰਾਂ ਕੋਲੋਂ ਹਥਿਆਰ ਸੁਟਵਾ ਲਏ ਜਾਣਗੇ।

# ਧਾਰਮਿਕ ਜਜ਼ਬਾਤ ਭੜਕਾਉਣੇ ਘਾਤਕ ਹਨ — ਚੰਦਰਸ਼ੇਖਰ

ਨਵੀਂ ਦਿੱਲੀ — ਬੀ. ਬੀ. ਸੀ. ਨਾਲ ਇਕ ਮੁਲਾਕਾਤ ਵਿਚ ਜਨਤਾ ਪਾਰਟੀ ਦੇ ਪ੍ਰਧਾਨ ਚੰਦਰਸ਼ੇਖਰ ਨੇ ਕਿਹਾ ਕਿ ਕਿਸੇ ਵੀ ਕਮਿਊਨਿਟੀ ਦੇ ਧਾਰਮਿਕ ਜਜ਼ਬਾਤ ਭੜਕਾਉਣੇ ਦੇਸ਼ ਲਈ ਘਾਤਕ ਸਿਧ ਹੋ ਸਕਦੇ ਹਨ। ਉਨ੍ਹਾਂ ਬਾਬਰੀ ਮਸਜਿਦ ਝਗੜਾ ਖੜਾ ਕਰਨ ਵਾਲੇ ਦੋਵਾਂ ਹਿੰਦੂ ਤੇ ਮੁਸਲਮਾਨ ਫਿਰਕਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਮੰਦਰਾਂ ਤੇ ਮਸੀਤਾਂ ਦੇ ਝਗੜੇ ਖੜ੍ਹੇ ਕਰਨੇ ਦੇਸ਼ ਦੇ ਹਿਤ ਵਿਚ ਨਹੀਂ ਹਨ। ਉਨ੍ਹਾਂ ਕਿਹਾ ਕੁਝ ਲੋਕ ਧਰਮ ਤੇ ਰਾਜਨੀਤੀ ਨੂੰ ਰਲਗੱਡ ਕਰਨਾ ਚਾਹੁੰਦੇ ਹਨ ਜੋ ਹਰ ਹਾਲਤ ਵਿਚ ਰੋਕਿਆ ਜਾਣਾ ਚਾਹੀਦਾ ਹੈ।

ਯਾਦ ਰਹੇ ਕਿ ਐਤਵਾਰ ਨੂੰ ਹੋਈ ਇਪਾਨਾ ਦੀ ਕਾਨਫਰੰਸ ਵਿਚ ਜਨਤਾ ਪਾਰਟੀ ਦੇ ਹੀ ਪਾਰਲੀਮੈਂਟ ਮੈਂਬਰ ਸ਼ਹਾਬੁਦੀਨ ਨੇ ਕਿਹਾ ਕਿ ਧਰਮ ਤੇ ਰਾਜਨੀਤੀ ਵੱਖ ਨਹੀਂ ਕੀਤੇ ਜਾ ਸਕਦੇ।

# ਰਾਜਧਾਨੀ ਬਦਲਣ ਦੇ ਸੁਆਲ 'ਤੇ ਆਸਾਮ ਵਿਚ ਆਮ ਹੜਤਾਲ

ਸ਼ਿਲਾਂਗ — ਆਸਾਮ ਵਿਚ ਸਰਕਾਰ ਚਲਾ ਰਹੀ ਆਸਾਮ ਗਨ ਪ੍ਰੀਸ਼ਦ ਵਿਚ ਫੁੱਟ ਦੀਆਂ ਖਬਰਾਂ ਸੱਚੀਆਂ ਸਾਬਤ ਹੋ ਗਈਆਂ ਜਦ ਇਸ ਦੇ ਵਿਦਿਆਰਥੀ ਵਿੰਗ ਨੇ ਰਾਜਧਾਨੀ ਬਦਲਣ ਦੇ ਸਵਾਲ ਉਤੇ ਸਾਰੇ ਸੂਬੇ ਆਮ ਹੜਤਾਲ ਦਾ ਸੱਦਾ ਦੇ ਦਿੱਤਾ। ਰੇਲ ਗੱਡੀਆਂ, ਬੱਸਾਂ ਤੇ ਹੋਰ ਸਾਰਾ ਟਰੈਫਿਕ ਸੋਮਵਾਰ ਦੇ ਪੂਰੇ ਦਿਨ ਜਾਮ ਰਿਹਾ।

# ਦੇਵੀ ਲਾਲ ਲੋਕ ਦਲ ਦੇ ਪ੍ਰਧਾਨ ਬਣਨਗੇ

ਨਵੀਂ ਦਿੱਲੀ — ਹਰਿਆਣੇ ਦੇ ਮੁਖ ਮੰਤਰੀ ਚੌਧਰੀ ਦੇਵੀ ਲਾਲ ਲੋਕ ਦਲ (ਬ) ਦੇ ਵਰਤਮਾਨ ਪ੍ਰਧਾਨ ਸ੍ਰੀ ਹੇਮਵਤੀ ਨੰਦਨ ਬਹੁਗੁਣਾਂ ਦੀ ਥਾਂ ਪਾਰਟੀ ਦੇ ਨਵੇਂ ਪ੍ਰਧਾਨ ਹੋਣਗੇ। ਪਾਰਟੀ ਦੇ ਸੂਤਰਾਂ ਅਨੁਸਾਰ ਉਤਰ ਪ੍ਰਦੇਸ਼, ਬਿਹਾਰ ਤੇ ਰਾਜਿਸਥਾਨ ਸਮੇਤ ਹੋਰ ਰਾਜਾਂ ਦੇ ਪਾਰਟੀ ਯੂਨਿਟ ਸ੍ਰੀ ਦੇਵੀ ਲਾਲ ਨੂੰ ਪਾਰਟੀ ਦਾ ਪ੍ਰਧਾਨ ਬਣਾਉਣ ਲਈ ਜ਼ੋਰ ਦੇ ਰਹੇ ਹਨ। ਸ੍ਰੀ ਬਹੁਗੁਣਾ ਨੇ ਲੋਕ ਹਿਤਾਂ ਨੂੰ ਧਿਆਨ ਵਿਚ ਰੱਖਕੇ ਪਾਰਟੀ ਦੀ ਪ੍ਰਧਾਨਗੀ ਛਡਣ ਦਾ ਐਲਾਨ ਕੀਤਾ ਹੈ। ਮੁਖ ਮੰਤਰੀ ਦੇ ਨਾਤੇ ਚੌਧਰੀ ਦੇਵੀ ਲਾਲ ਨੇ ਰਾਸ਼ਟਰੀ ਪੱਧਰ ਦੇ ਮਾਮਲਿਆਂ ਤੇ ਵਿਚਾਰ ਸ਼ੁਰੂ ਕਰ ਦਿੱਤਾ ਹੈ।

# ਅਤਿਵਾਦੀਆਂ ਹੱਥੋਂ ਇਕ ਜ਼ਖਮੀ

ਅੰਮ੍ਰਿਤਸਰ — ਬਹਾਦਰ ਨਗਰ ਵਿਚ ਅਤਿਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਇਕ ਆਦਮੀ ਰਾਜਿੰਦਰ ਸਿੰਘ ਨੂੰ ਜ਼ਖਮੀ ਕਰ ਦਿੱਤਾ ਉਸਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ।

ਪੰਨਾ 1 ਦੀ ਬਾਕੀ

ਜਸਵੰਤ ਸਿੰਘ ਤੇ ਜਥੇਦਾਰ ਕਸ਼ਮੀਰਾ ਸਿੰਘ ਨੇ ਅਖੌਤੀ ਪੰਥਕ ਕਮੇਟੀ ਦੀ ਪਿਠ ਠੋਕੀ ਸੀ ਤੇ ਕਿਹਾ ਸੀ ਕਿ ਉਹ ਪ੍ਰੋ: ਦਰਸ਼ਨ ਸਿੰਘ ਵਿਰੁੱਧ ਐਕਸ਼ਨ ਲੈਣਗੇ। ਪ੍ਰੋ: ਦਰਸ਼ਨ ਸਿੰਘ ਨੇ ਅਖੌਤੀ ਪੰਥਕ ਕਮੇਟੀ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਉਹ "ਖੂਨ ਦੀ ਪਿਆਸੀ' ਤੇ 'ਪੰਥ ਦੁਸ਼ਮਣ' ਹੈ। ਪ੍ਰੋ: ਦਰਸ਼ਨ ਸਿੰਘ ਨੇ ਦੋਸ਼ ਲਾਇਆ ਸੀ ਕਿ ਪੰਥਕ ਕਮੇਟੀ ਦੇ ਮੈਂਬਰ ਸਿੱਖੀ ਦੇ ਨਕਾਬ ਵਿਚਲੇ ਪੰਥ ਨੂੰ ਖਾਨਾਜੰਗੀ ਰਾਹੀਂ ਤਬਾਹ ਕਰਨ ਉਤੇ ਤੁਲੇ ਹੋਏ ਹਨ ਅਤੇ ਹਰਿਮੰਦਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਪਵਿੱਤਰਤਾ ਭੰਗ ਕਰ ਰਹੇ ਹਨ। ਪ੍ਰੋ: ਦਰਸ਼ਨ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਪੰਥ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਇਹ ਅਖੌਤੀ ਕਮੇਟੀ ਖਤਮ ਕਰ ਰਹੀ ਹੈ। ਯਾਦ ਰਹੇ ਕਿ ਗਿਆਨੀ ਪੂਰਨ ਸਿੰਘ ਨੇ ਆਪਣਾ ਨਾਤਾ ਦੂਜੇ ਤਿੰਨਾਂ ਜਥੇਦਾਰਾਂ ਨਾਲੋਂ ਪਹਿਲਾਂ ਹੀ ਤੋੜ ਲਿਆ ਹੋਇਆ ਹੈ।

### ਸਕੂਲ, ਕਾਲਜ ਬੰਦ

ਤਿੰਨ ਦਿਨ ਲਈ ਪੰਜਾਬ ਦੇ ਸਾਰੇ ਸਕੂਲ ਅਤੇ ਕਾਲਜ ਬੰਦ ਕਰ ਦਿੱਤੇ ਗਏ ਹਨ।

# ਸਾਬਕਾ ਗਵਰਨਰ ਰਾਸ਼ਟਰ-ਪਤੀ ਬਣਨ ਲਈ ਤਿਆਰ

ਸੁਵਾ — ਫੀਜੀ ਦੇ ਸਾਬਕਾ ਗਵਰਨਰ-ਜਨਰਲ ਰਾਤੂ ਸਰ ਪੇਨੀਆ ਗਾਨੀਲਾਊ ਨੇ ਕਿਹਾ ਹੈ ਕਿ ਉਹ ਫੀਜੀ ਦਾ ਰਾਸ਼ਟਰਪਤੀ ਬਣਨ ਲਈ ਤਿਆਰ ਹੈ ਜੇਕਰ ਰੁਬੂਕਾ ਦੀ ਫੌਜੀ ਸਰਕਾਰ ਲੋਕਾਂ ਤੋਂ ਵੋਟਾਂ ਕਰਾਕੇ ਵਿਧਾਨ ਦੀ ਤਬਦੀਲੀ ਕਰੇ ਅਤੇ ਇਹ ਵਿਧਾਨ ਕਾਮਨਵੈਲਥ ਦੇਸ਼ਾਂ ਨੂੰ ਮਨਜ਼ੂਰ ਹੋਵੇ। ਇਸ ਤੋਂ ਪਹਿਲਾਂ ਸਾਬਕਾ ਗਵਰਨਰ ਜਨਰਲ ਰੁਬੂਕਾ ਦੀ ਪੇਸ਼ਕਸ਼ ਦੋ ਵਾਰ ਠੁਕਰਾ ਦਿੱਤੀ ਸੀ।

ਯਾਦ ਰਹੇ ਕਿ ਵੈਨਕੂਵਰ ਵਿਚ ਪਿਛਲੇ ਹਫਤੇ ਖਤਮ ਹੋਈ ਕਾਮਨਵੈਲਥ ਕਾਨਫਰੰਸ ਸਮੇਂ ਫੀਜੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਗਿਆ ਹੈ। ਭਾਰਤ ਦੇ ਆਸਟਰੇਲੀਆ ਨੇ ਕਿਹਾ ਹੈ ਕਿ ਜਿਨਾ ਚਿਰ ਤੱਕ ਫੀਜੀ ਵਿਚ ਜਮਹੂਰੀ ਸਰਕਾਰ ਨੂੰ ਪ੍ਰਬੰਧ ਨਹੀਂ ਸੰਭਾਲਿਆ ਜਾਂਦਾ ਉਨਾ ਚਿਰ ਫੀਜੀ ਨੂੰ ਮੁੜ ਕਾਮਨਵੈਲਥ ਦਾ ਮੈਂਬਰ ਨਹੀਂ ਲਿਆ ਜਾਵੇਗਾ।

ਨਾਲ ਹੀ ਆਸਟਰੇਲੀਆ ਨੇ ਐਲਾਨ ਕੀਤਾ ਹੈ ਕਿ 1 ਨਵੰਬਰ ਤੋਂ ਆਸਟਰੇਲੀਆ ਵਿਚੋਂ ਫੀਜੀ ਲਈ ਹਵਾਈ ਉਡਾਣਾਂ ਬੰਦ ਕੀਤੀਆਂ ਜਾ ਰਹੀਆਂ ਹਨ।

# ਪਾਕਿਸਤਾਨ ਵਿਚ ਹਾਦਸੇ ਕਾਰਨ 50 ਮੌਤਾਂ

ਮੋਰੋ (ਪਾਕਿਸਤਾਨ) — ਰੇਲਵੇ ਦੀ ਇਕ ਕਰਾਸਿੰਗ ਉਤੇ ਬੱਸ ਅਤੇ ਰੇਲਗੱਡੀ ਵਿਚਕਾਰ ਟੱਕਰ ਹੋ ਜਾਣ ਨਾਲ ਪੰਜਾਹ ਮੌਤਾਂ ਕੱਲ੍ਹ ਇਥੇ ਹੋਈਆਂ। ਖਬਰਾਂ ਅਨੁਸਾਰ ਬੱਸ ਖਚਾ ਖਚ ਭਰੀ ਹੋਈ ਸੀ।

ਰੇਲਗੱਡੀ ਬੱਸ ਨੂੰ 50 ਮੀਟਰ ਤੱਕ ਖਿਚ ਕੇ ਲੈ ਗਈ ਅਤੇ ਲਾਸ਼ਾਂ ਰੇਲਵੇ ਟਰੈਕ ਉਤੇ ਖਿੰਡ ਗਈਆਂ। ਮੌਕੇ ਉਤੇ ਹਾਜ਼ਰ ਵਿਅਕਤੀਆਂ ਅਨੁਸਾਰ ਡਿਊਟੀ ਵਾਲੇ ਬੰਦੇ ਨੇ ਕਰਾਸਿੰਗ ਦਾ ਗੇਟ ਬੰਦ ਨਹੀਂ ਕੀਤਾ ਹੋਇਆ ਸੀ। ਟੱਕਰ ਹੋਣ ਸਮੇਂ ਉਹ ਵਿਅਕਤੀ ਭੱਜਿਆ ਜਾਂਦਾ ਲੋਕਾਂ ਵਲੋਂ ਦੇਖਿਆ ਗਿਆ।

# ਬੰਗਲਾ ਦੇਸ਼ ਵਿਚ ਮਜ਼ਦੂਰ ਹੜਤਾਲ ਹਿੰਸਾ ਵਿਚ 12 ਜ਼ਖਮੀ

ਢਾਕਾ — ਬੰਗਲਾ ਦੇਸ਼ ਦੀਆਂ ਦੋ ਵੱਡੀਆਂ ਮਜ਼ਦੂਰ ਜਥੇਬੰਦੀਆਂ ਨੇ ਸਾਰੇ ਦੇਸ਼ ਵਿਚ ਪਹੀਆ ਜਾਮ ਕਰ ਦਿੱਤਾ। ਸਰਕਾਰ ਵਲੋਂ ਰੱਖੇ ਗਏ ਬੰਦਿਆਂ ਨੇ ਹੜਤਾਲ ਤੁੜਵਾਉਣ ਦੀ ਕੋਸ਼ਿਸ਼ ਕੀਤੀ ਤਾਂ ਹਿੰਸਾ ਹੋਣ ਨਾਲ 12 ਮਜ਼ਦੂਰ ਜ਼ਖਮੀ ਹੋਣ ਦੀ ਖਬਰ ਹੈ ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਹੈ। ਇਹ ਹੜਤਾਲ ਤੀਹ ਲੱਖ ਮਜ਼ਦੂਰਾਂ ਵਲੋਂ ਕੀਤੀ ਗਈ ਹੈ।

ਮਜ਼ਦੂਰ ਵੱਧ ਉਜਰਤਾਂ ਦੀ ਮੰਗ ਕਰ ਰਹੇ ਹਨ।

# ਰਾਜੀਵ ਦਾ ਅਮਰੀਕਾ ਦਾ ਦੌਰਾ ਖਤਮ

## ਯੂ. ਐਨ. ਓ. ਵਿਚ ਭਾਸ਼ਨ

ਵਾਸ਼ਿੰਗਟਨ — ਕਾਮਨਵੈਲਥ ਕਾਨਫਰੰਸ ਦੀ ਸਮਾਪਤੀ ਤੋਂ ਪਿਛੋਂ ਐਤਵਾਰ ਸਵੇਰੇ ਪੰਜ ਵਜੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੈਨਕੂਵਰ ਹਵਾਈ ਅੱਡੇ ਤੋਂ ਬੋਸਟਨ ਲਈ ਰਵਾਨਾ ਹੋਏ ਜਿਥੇ ਉਨ੍ਹਾਂ ਹਾਰਵਰਡ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਅੱਗੇ 'ਭਾਰਤ ਅਤੇ ਜਮਹੂਰੀਅਤ' ਵਿਸ਼ੇ ਉਤੇ ਆਪਣਾ ਭਾਸ਼ਨ ਦਿੱਤਾ।

19 ਅਕਤੂਬਰ ਦੀ ਰਾਤ ਨੂੰ ਉਨ੍ਹਾਂ ਯੂ. ਐਨ. ਓ. ਵਿਚ ਆਪਣਾ ਭਾਸ਼ਨ 'ਸਾਡਾ ਸਾਂਝਾ ਭਵਿੱਖ' ਦਿੰਦਿਆਂ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਵਾਤਾਵਰਣ ਨੂੰ ਸੁਧਾਰਨ ਲਈ ਦੋਵਾਂ ਵੱਡੀਆਂ ਤਾਕਤਾਂ ਨੂੰ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਚਰਨਾਵਾਲ ਤੇ ਭੂਪਾਲ ਵਰਗੇ ਕਾਂਡ ਤਾਂ ਹੀ ਖਤਮ ਹੋ ਸਕਦੇ ਹਨ ਜੇ ਸੇਫਟੀ ਲਈ ਕਦਮ ਚੁਕੇ ਜਾਣ।

20 ਅਕਤੂਬਰ ਨੂੰ ਰਾਜੀਵ ਗਾਂਧੀ ਨੇ ਅਮਰੀਕੀ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀ।


**BERNARD SIMPSON & COMPANY**

PRACTICE RESTRICTED TO INJURIES SUFFERED DUE TO CAR ACCIDENTS (ICBC CLAIMS)

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE (IF NO RECOVERY NO LEGAL FEE)

NO CHARGE FOR INITIAL CONSULTATION

SITUATED IN THE AUTOMOBILE ASSOCIATION BUILDING

734-2272

999 West Broadway, Vancouver, B.C. V5Z 1K5

# ਪੰਜਾਬੀ ਵਿਚ ਕਾਨੂੰਨੀ ਜਾਣਕਾਰੀ ਬਾਰੇ ਪੈਂਫਲਿਟ

ਵਿਲੀਅਮਜ਼ਲੇਕ — ਇਥੋਂ ਦੀ ਇੰਡੋ-ਕੈਨੇਡੀਅਨ ਕਮਿਊਨਿਟੀ ਲਈ ਤਿੰਨ ਨਵੇਂ ਕਾਨੂੰਨੀ ਜਾਣਕਾਰੀ ਦੇਣ ਬਾਰੇ ਪੈਂਫਲਿਟ ਛਾਪੇ ਗਏ ਹਨ। ਇਹ ਪੈਂਫਲਿਟ ਲੀਗਲ ਸਰਵਿਸਿਜ਼ ਸੁਸਾਇਟੀ ਆਫ਼ ਬੀ ਸੀ ਤੇ ਦੀ ਕਾਨਟੈਕਟ ਵਿਮੈਨਜ਼ ਗਰੁੱਪ ਸੁਸਾਇਟੀ ਵਲੋਂ ਪ੍ਰਕਾਸ਼ਤ ਕੀਤੇ ਗਏ ਹਨ। ਇਹ ਪੈਂਫਲਿਟ 'ਕੀ ਤੁਹਾਡੀ ਸਮੱਸਿਆ ਕਾਨੂੰਨ ਨਾਲ ਸਬੰਧ ਰੱਖਦੀ ਹੈ?' 'ਰੁਜ਼ਗਾਰ ਬਾਰੇ ਕਾਨੂੰਨ, ਮਨੁੱਖੀ ਹੱਕ ਤੇ ਤੁਸੀਂ' ਅਤੇ 'ਪਰਿਵਾਰਿਕ ਕਾਨੂੰਨ ਤੇ ਤੁਸੀਂ' ਦੋਵਾਂ ਬੋਲੀਆਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਹਨ। ਇਨ੍ਹਾਂ ਵਿਚ ਕਾਨੂੰਨੀ ਸਮੱਸਿਆਵਾਂ ਦੇ ਹੱਲ ਲਈ ਪਤੇ ਅਤੇ ਫੋਨ ਨੰਬਰ ਵੀ ਦਿੱਤੇ ਗਏ ਹਨ।

ਇਹ ਪੈਂਫਲਿਟ ਵਿਲੀਅਮਜ਼ਲੇਕ ਦੇ ਇਲਾਕੇ ਵਿਚ ਵੰਡੇ ਗਏ ਹਨ ਅਤੇ ਪਬਲਿਕ ਲਾਇਬਰੇਰੀ, ਲੀਗਲ ਸਰਵਿਸਿਜ਼, ਆਈ ਡਬਲਯੂ. ਏ. ਆਫਿਸ, ਕੋਰਟ ਹਾਊਸ, ਕੈਨੇਡਾ ਇਮਪਲਾਇਮੈਂਟ ਤੇ ਇਮੀਗਰੇਸ਼ਨ ਸੈਂਟਰ, ਕੈਰੀਬੂ ਹੈਲਥ ਯੂਨਿਟ, ਚਾਈਲਡ ਡੀਪੈਲਮੈਂਟ ਸੈਂਟਰ ਅਤੇ ਵਿਲੀਅਮਜ਼ਲੇਕ ਰੀਸੋਰਸ ਸੈਂਟਰ ਤੋਂ ਵੀ ਮਿਲ ਸਕਦੇ ਹਨ।

ਜੇ ਕਿਸੇ ਨੂੰ ਹੋਰ ਜਾਣਕਾਰੀ ਚਾਹੀਦੀ ਹੋਵੇ ਜਾਂ ਇਨ੍ਹਾਂ ਪੈਂਫਲਿਟਾਂ ਦੀਆਂ ਹੋਰ ਕਾਪੀਆਂ ਚਾਹੀਦੀਆਂ ਹੋਣ ਤਾਂ ਵੂਮੈਨ ਰੀਸੋਰਸ ਸੈਂਟਰ ਵਿਲੀਅਮਜ਼ਲੇਕ ਨੂੰ ਫੋਨ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਫੋਨ (604) 392-2446 ਹੈ।

## ਸ੍ਰੀਮਤੀ ਗਰੇਵਾਲ ਦੀ ਦੋ ਸਾਲ ਲਈ ਮੁੜ ਨਿਯੁਕਤੀ

ਨਵੀਂ ਦਿੱਲੀ, (ਪੀ. ਟੀ. ਆਈ.) - ਸ੍ਰੀਮਤੀ ਮ[illegible] ਗਰੇਵਾਲ ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੇ ਸਕੱਤਰ ਵਜੋਂ ਮੁੜ ਨਿਯੁਕਤ ਕਰ ਦਿੱਤਾ ਗਿਆ ਹੈ। ਸ੍ਰੀਮਤੀ ਗਰੇਵਾਲ ਦੀ ਮੁੜ ਹੋਈ ਨਿਯੁਕਤੀ ਦੀ ਮਿਆਦ 1 ਨਵੰਬਰ ਤੋਂ ਦੋ ਸਾਲ ਲਈ ਹੋਵੇਗੀ।

# ਬੀ. ਸੀ. ਵਿਚ ਵਿਦਿਆ ਬਾਰੇ ਪਬਲਿਕ ਸੁਣਵਾਈ



Barry M. Sullivan, Q.C.
Commissioner

ਵੈਨਕੂਵਰ — ਬੀ. ਸੀ. ਸਰਕਾਰ ਵਲੋਂ ਵਿਦਿਆ ਬਾਰੇ ਜੋ ਰਾਇਲ ਕਮਿਸ਼ਨ ਬਣਾਇਆ ਗਿਆ ਹੈ ਉਸਦੀ ਸੁਣਵਾਈ 9 ਨਵੰਬਰ ਨੂੰ 7 ਵਜੇ ਸ਼ਾਮ ਸੇਂਟ ਪੇਟਰਿਕ ਸਕੂਲ, ਵੈਨਕੂਵਰ ਜੋ ਕਿ 115 ਈਸਟ 11 ਐਵੇਨੀਊ ਉਤੇ ਸਥਿਤ ਹੈ, ਹੋਵੇਗੀ। ਇਸ ਕਮਿਸ਼ਨ ਦੇ ਕਮਿਸ਼ਨਰ ਮਿ: ਬੈਰੀ ਐਮ ਸੁਲੀਵਨ ਨੂੰ ਕਿੰਡਰਗਾਰਟਨ ਤੋਂ ਗਰੇਡ ਬਾਰਾਂ ਤੱਕ ਦੀ ਵਿਦਿਆ ਦੇ ਪੁਨਰ-ਨਿਰੀਖਣ ਲਈ ਨਿਯੁਕਤ ਕੀਤਾ ਗਿਆ ਹੈ। ਕਮਿਸ਼ਨਰ ਉਸ ਦਿਨ ਆਮ ਜਨਤਾ ਵਲੋਂ ਵਿਦਿਆ ਬਾਰੇ ਲਿਖਤੀ ਸੁਝਾਅ ਅਤੇ ਜ਼ਬਾਨੀ ਸਲਾਹ ਮਸ਼ਵਰਾ ਵੀ ਲੈਣਗੇ। ਸੰਸਥਾਵਾਂ ਵੀ ਆਪਣੇ ਸੁਝਾਅ ਦੇ ਸਕਦੀਆਂ ਹਨ।

ਮਿ: ਸੁਲੀਵਨ ਅਨੁਸਾਰ, "ਬੱਚੇ ਸਾਡਾ ਵੱਡਾ ਸਰਮਾਇਆ ਹਨ। ਇਸ ਲਈ ਕਮਿਸ਼ਨ ਦੀ ਪੂਰੀ ਕੋਸ਼ਿਸ਼ ਹੈ ਕਿ ਵੱਧ ਤੋਂ ਵੱਧ ਲੋਕਾਂ ਦੇ ਸੁਝਾਅ ਲਏ ਜਾਣ। ਇਸ ਲਈ ਮਾਪੇ, ਅਧਿਆਪਕ, ਵਿਦਿਆਰਥੀ ਅਤੇ ਆਮ ਜਨਤਾ ਦੇ ਵਿਚਾਰਾਂ ਨੂੰ ਜਾਨਣ ਲਈ ਅਸੀਂ ਉਤਸੁਕ ਹਾਂ।"

ਕਮਿਸ਼ਨਰ ਨੇ ਇਹ ਵੀ ਕਿਹਾ ਕਿ ਵਪਾਰਕ ਸੰਸਥਾਵਾਂ, ਦਸਤਕਾਰੀ, ਲੇਬਰ ਅਤੇ ਕਲਾਵਾਂ ਦੀਆਂ ਸੰਸਥਾਵਾਂ ਨੂੰ ਵੀ ਆਪਣੇ ਵਿਚਾਰ ਕਮਿਸ਼ਨ ਨੂੰ ਦੇਣ ਦੀ ਖੁਲ੍ਹ ਹੈ।

ਜੋ ਵਿਅਕਤੀ ਜਾਂ ਸੰਸਥਾਵਾਂ ਕਮਿਸ਼ਨ ਸਾਹਮਣੇ ਆਪਣੇ ਵਿਚਾਰ ਦੇਣੇ ਚਾਹੁੰਦੀਆਂ ਹਨ ਉਹ ਜਾਂ ਤਾਂ ਸੈਕਟਰੀ ਰਾਇਲ ਕਮਿਸ਼ਨ, #350-900 Howe St. Vancouver, B.C. ਨੂੰ ਲਿਖਣ ਜਾਂ 660-4010 ਉਤੇ ਫੋਨ ਕਰਨ — ਇਹ ਫੋਨ 24 ਘੰਟੇ ਚਲਦਾ ਹੈ ਜਾਂ ਲੋਅਰ ਮੇਨਲੈਂਡ ਤੋਂ ਬਾਹਰ ਵਾਲੇ ਕੁਲੈਕਟ ਕਾਲ ਵੀ ਕਰ ਸਕਦੇ ਹਨ — ਇਹ ਨੰਬਰ (0) 660-4010 ਹੈ।

# ਸਿੰਧ ਨਦੀ 'ਚ ਕਿਸ਼ਤੀ ਡੁੱਬਣ ਨਾਲ 40 ਵਿਅਕਤੀ ਹਲਾਕ

ਇਸਲਾਮਾਬਾਦ — ਪਾਕਿਸਤਾਨ ਦੀ ਸਿੰਧ ਨਦੀ ਵਿਚ ਇਕ ਕਿਸ਼ਤੀ ਦੇ ਉਲਟ ਜਾਣ ਨਾਲ 40 ਵਿਅਕਤੀ ਮਾਰੇ ਗਏ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਇਸ ਕਿਸ਼ਤੀ ਤੇ ਸਾਰੇ ਫੌਜੀ ਜਵਾਨ ਸਵਾਰ ਸਨ। ਹੁਣ ਤੱਕ ਦੀ ਪ੍ਰਾਪਤ ਜਾਣਕਾਰੀ ਅਨੁਸਾਰ ਸੱਤ ਲਾਸ਼ਾਂ ਲੱਭੀਆਂ ਜਾ ਚੁਕੀਆਂ ਹਨ ਪਰ 40 ਫੌਜੀ ਅਜੇ ਵੀ ਲਾਪਤਾ ਹਨ। ਦੱਸਿਆ ਜਾਂਦਾ ਹੈ ਕਿ ਇਸ ਕਿਸ਼ਤੀ ਵਿਚ ਜਿਹੜੀ ਖੈਰਪੁਰ ਦੇ ਨੇੜੇ ਉਲਟੀ, ਵਿਚ ਸਵਾਰ ਸਾਰੇ ਫੌਜੀ ਡਾਕੂਆਂ ਤੇ ਲੁਟੇਰਿਆਂ ਦਾ ਪਿਛਾ ਕਰ ਰਹੇ ਸਨ।


■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S. Medallion Club For 83-84 85-86



San Diago $299^{00}
London from $625^{00}
Montreal from $329^{00}
Los Angles from $259^{00}
Toronto from $318^{00}
San Jose from $199^{00}
San Fransisco from $209^{00}



ਭਾਰਤ, ਪਾਕਿਸਤਾਨ, ਫੀਜੀ, ਲੰਡਨ, ਸ੍ਰੀ ਲੰਕਾ, ਨਿਊਜ਼ੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)

Prices are subject to change without notice

BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

Mohinder Singh Mann
ਮੁਹਿੰਦਰ ਸਿੰਘ ਮਾਨ

321-4353

MANN SHOE STORE

6570 MAIN ST., VANCOUVER, B.C.

# ਇਪਾਨਾ ਦੀ ਕਾਨਫਰੰਸ ਨਕਸਲੀ ਪ੍ਰਬੰਧਕ, ਖਾਲਿਸਤਾਨੀ ਸਰੋਤੇ

## ਇਕ ਰੀਪੋਰਟ

ਵੈਨਕੂਵਰ — 18 ਅਕਤੂਬਰ, 1987 ਐਤਵਾਰ ਨੂੰ ਡੇਵਿਡ ਥਾਮਸਨ ਸੈਕੰਡਰੀ ਸਕੂਲ ਵਿਚ ਨਕਸਲੀ ਜਥੇਬੰਦੀ ਇਪਾਨਾ ਵਲੋਂ ਕਾਮਨਵੈਲਥ ਕਾਨਫਰੰਸ ਖਤਮ ਹੋਣ ਤੋਂ ਪਿਛੋਂ ਇਕ ਕਾਨਫਰੰਸ ਕੀਤੀ ਗਈ ਜਿਸ ਨੂੰ 'ਸਮਾਨ ਅੰਤਰ ਕਾਨਫਰੰਸ' ਦਾ ਨਾਂ ਦਿੱਤਾ ਗਿਆ ਜਿਸ ਦੇ ਮੁਖ ਬੁਲਾਰੇ ਸ੍ਰੀ ਸ਼ਹਾਬੁਦੀਨ ਮੈਂਬਰ ਭਾਰਤੀ ਪਾਰਲੀਮੈਂਟ ਸਨ। ਸ੍ਰੀ ਸ਼ਹਾਬੁਦੀਨ ਜਨਤਾ ਪਾਰਟੀ ਵਿਚ ਸ਼ਾਮਲ ਹਨ ਤੇ 'ਮੁਸਲਿਮ ਇੰਡੀਆ' ਨਾਂ ਦੇ ਰਸਾਲੇ ਦੇ ਸੰਪਾਦਕ ਹਨ।

ਦੋ ਸੋ ਸਰੋਤਿਆਂ ਵਿਚੋਂ ਡੇਢ ਸੌ ਖਾਲਿਸਤਾਨੀ ਸਰੋਤੇ ਸਨ ਤੇ ਕੁਝ ਪਾਕਿਸਤਾਨੀ ਸੱਜਣ ਸਨ ਜੋ ਜ਼ਿਆ-ਉਲ-ਹੱਕ ਦੇ ਭਗਤ ਕਰਕੇ ਜਾਣੇ ਜਾਂਦੇ ਹਨ। ਇਪਾਨਾ ਦੇ ਹੁਣ ਤੱਕ ਦੇ ਜਲਸਿਆਂ ਵਿਚ ਦੇਖੇ ਜਾਂਦੇ ਦਰਸ਼ਕ ਤੇ ਸਰੋਤੇ ਗਾਇਬ ਸਨ, ਉਨ੍ਹਾਂ ਦੀ ਥਾਂ ਹੁਣ ਖਾਲਿਸਤਾਨੀ ਸਮਰਥਕਾਂ ਨੇ ਮੱਲੀ ਹੋਈ ਸੀ।

ਸਟੇਜ ਦੀ ਕਾਰਵਾਈ ਸਾਈਮਨ ਫਰੇਜ਼ਰ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਚਿੰਨ ਬੈਨਰਜੀ ਤੇ ਹਰੀ ਸ਼ਰਮਾ ਵਲੋਂ ਨਿਭਾਈ ਜਾ ਰਹੀ ਸੀ ਤੇ ਸਟੇਜ ਦੇ ਸ਼ੋਭਤ ਸਨ ਸ੍ਰੀ ਸ਼ਹਾਬੁਦੀਨ, ਸਾਬਕਾ ਜੱਜ ਅਜੀਤ ਸਿੰਘ ਬੈਂਸ ਅਤੇ ਕਾਮਨਵੈਲਥ ਕਾਨਫਰੰਸ ਵਿਚ ਸ਼ਾਮਲ ਨਾ ਹੋਣ ਦਿੱਤਾ ਗਿਆ 'ਸਟੇਟਸਮੈਨ' ਅਖਬਾਰ ਦਾ ਪੱਤਰਪ੍ਰੇਰਕ ਬਲਜੀਤ ਸਿੰਘ ਮਲਿਕ।

## ਧਰਮ ਤੇ ਰਾਜਨੀਤੀ ਇਕੱਠੀਆਂ

'ਮੁਸਲਿਮ ਇੰਡੀਆ' ਦੇ ਸੰਪਾਦਕ ਸ਼ਹਾਬੁਦੀਨ ਨੇ ਆਪਣਾ ਭਾਸ਼ਨ ਸ਼ੁਰੂ ਕਰਦਿਆਂ ਕਿਹਾ ਕਿ ਧਰਮ ਤੇ ਰਾਜਨੀਤੀ ਇਕ ਹਨ। ਉਸਨੇ ਰਾਜੀਵ ਗਾਂਧੀ ਦਾ ਮਖੌਲ ਉਡਾਉਂਦਿਆਂ ਕਿਹਾ ਕਿ ਉਹ ਦੇਸ਼ ਦਾ ਨੇਤਾ ਹੋ ਕੇ ਮੱਥੇ ਤੇ ਤਿਲਕ ਲਾਉਂਦਾ ਹੈ ਤੇ ਹਿੰਦੂ ਧਰਮ ਦਾ ਪ੍ਰਚਾਰ ਕਰਦਾ ਹੈ ਤੇ ਜਦ ਉਹ ਅਜਿਹੇ ਸਮਾਗਮਾਂ ਵਿਚ ਸ਼ਾਮਲ ਹੁੰਦਾ ਹੈ ਤਾਂ ਟੀ. ਵੀ. ਉਤੇ ਦਿਖਾਇਆ ਜਾਂਦਾ ਹੈ ਪਰ ਨਾਲ ਹੀ ਸ਼ਹਾਬੁਦੀਨ ਨੇ ਕਿਹਾ ਕਿ ਧਰਮ ਤੋਂ ਬਿਨਾਂ ਰਾਜਨੀਤੀ ਨਿਕੰਮੀ ਹੈ।

## ਘੱਟ ਗਿਣਤੀਆਂ ਉਤੇ ਹਮਲੇ

ਪੰਜਾਬ ਵਿਚ ਸਿਖਾਂ ਉਤੇ ਹਮਲੇ ਤੇ ਮੇਰਠ ਆਦਿ ਥਾਵਾਂ ਉਤੇ ਮੁਸਲਮਾਨਾਂ ਉਤੇ ਹਮਲਿਆਂ ਦਾ ਜ਼ਿਕਰ ਕਰਦਿਆਂ ਉਸਨੇ ਕਿਹਾ ਕਿ ਰਾਜੀਵ ਸਰਕਾਰ ਹਿੰਦੂ ਫਿਰਕਾਪ੍ਰਸਤੀ ਨੂੰ ਸ਼ਹਿ ਦੇ ਕੇ ਇਹ ਕੁਝ ਕਰਵਾ ਰਹੀ ਹੈ। ਉਸਨੇ ਕਿਹਾ ਕਿ ਘੱਟ ਗਿਣਤੀਆਂ ਦਾ ਜੀਵਨ ਇਸ ਸਮੇਂ ਮੁਹਾਲ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਦਲਿਤ ਸ਼੍ਰੇਣੀਆਂ ਉਤੇ ਵੀ ਹਮਲੇ ਹੋ ਰਹੇ ਹਨ।

## ਪਾਕਿ ਤੇ ਬੰਗਲਾ ਦੇਸ਼ 'ਚ ਅਤਿਆਚਾਰ

ਸ਼ਹਾਬੁਦੀਨ ਨੇ ਇਹ ਵੀ ਕਿਹਾ ਕਿ ਬੰਗਲਾਦੇਸ਼ ਅਤੇ ਪਾਕਿਸਤਾਨ ਵਿਚ ਵੀ ਧਾਰਮਿਕ ਫਿਰਕਿਆਂ ਉਤੇ ਅਤਿਆਚਾਰ ਕੀਤਾ ਜਾਂਦਾ ਹੈ। ਉਸਨੇ ਜ਼ਿਆ ਸਰਕਾਰ ਤੇ ਇਰਸ਼ਾਦ ਸਰਕਾਰ ਦਾ ਵੀ ਵਿਰੋਧ ਕੀਤਾ।

## ਦੇਸ਼ ਦੀ ਏਕਤਾ ਜ਼ਰੂਰੀ

ਨਾਲ ਹੀ ਸ਼ਹਾਬੁਦੀਨ ਨੇ ਪ੍ਰਬੰਧਕਾਂ ਦੀ ਖੱਲ ਬਚਾਉਣ ਲਈ ਇਹ ਵੀ ਐਲਾਨ ਕੀਤਾ ਕਿ ਦੇਸ਼ ਨੂੰ ਇਕਠਿਆਂ ਰੱਖਣਾ ਬੜਾ ਜ਼ਰੂਰੀ ਹੈ — ਦੇਸ਼ ਦੀ ਮੁੜ ਵੰਡ ਨਹੀਂ ਹੋਣੀ ਚਾਹੀਦੀ ਕਿਉਂਕਿ ਪਹਿਲੇ ਬਟਵਾਰੇ ਨੇ ਹੀ ਬਹੁਤ ਨੁਕਸਾਨ ਕੀਤਾ ਹੈ।

ਸੋਮਵਾਰ ਦੇ ਬੀ ਬੀ ਸੀ ਦੇ ਤਬਸਰੇ ਵਿਚ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਚੰਦਰ ਸ਼ੇਖਰ ਨੇ ਕਿਹਾ ਕਿ ਉਨ੍ਹਾਂ ਲੋਕਾਂ ਦੀ ਜਨਤਾ ਪਾਰਟੀ ਵਿਚ ਕੋਈ ਥਾਂ ਨਹੀਂ ਜੋ ਧਰਮ ਅਤੇ ਰਾਜਨੀਤੀ ਨੂੰ ਰਲਗੱਡ ਕਰਨਾ ਚਾਹੁੰਦੇ ਹਨ। ਇਸ ਮਸਲੇ ਉਤੇ ਸ਼ਹਾਬੁਦੀਨ ਦਾ ਸਟੈਂਡ ਜਨਤਾ ਪਾਰਟੀ ਦੀ ਪਾਲਿਸੀ ਨਾਲ ਕਿੰਨਾ ਕੁ ਮਿਲਦਾ ਹੈ ਇਹ ਵਿਚਾਰਨ ਵਾਲਾ ਮਸਲਾ ਹੈ।

## ਅਜੀਤ ਸਿੰਘ ਬੈਂਸ ਦਾ ਭਾਸ਼ਨ

ਖਾਲਿਸਤਾਨੀਆਂ ਦੀਆਂ ਤਾੜੀਆਂ ਦੀ ਗੜਗੜਾਹਟ ਵਿਚ ਅਜੀਤ ਸਿੰਘ ਬੈਂਸ ਦਾ ਸਾਰਾ ਜ਼ੋਰ ਦਹਿਸ਼ਤਗਰਦੀ ਕਰਨ ਵਾਲਿਆਂ ਦੀ ਵਕਾਲਤ ਕਰਨ ਉਤੇ ਲੱਗਾ ਰਿਹਾ ਤੇ ਪੰਜਾਬ ਵਿਚ ਰੋਜ਼ਾਨਾ ਹੋ ਰਹੇ ਬੇਗੁਨਾਹਾਂ ਦੇ ਕਤਲਾਂ ਬਾਰੇ ਉਸ ਨੇ ਚੁੱਪ ਹੀ ਸਾਧੀ ਰੱਖੀ। ਉਂਝ ਸਾਰੀ ਕਾਨਫਰੰਸ ਵਿਚ ਪੰਜਾਬ ਵਿਚ ਹੁੰਦੇ ਬੇਗੁਨਾਹਾਂ ਤੇ ਬੇਦੋਸ਼ਿਆਂ ਦੇ ਕਤਲਾਂ ਬਾਰੇ ਪ੍ਰਬੰਧਕਾਂ ਵਿਚੋਂ ਵੀ ਕਿਸੇ ਨੇ ਜ਼ਬਾਨ ਨਹੀਂ ਖੋਲ੍ਹੀ ਜਦ ਕਿ ਇਹ ਪ੍ਰਬੰਧਕ ਸੰਸਥਾ ਇਪਾਨਾ ਤਿੰਨ ਸਾਲ ਪਹਿਲਾਂ ਕਮਿਊਨਿਲ ਹਾਰਮੋਨੀ ਫੋਰਮ ਵਿਚ ਹਿੰਦੂ-ਸਿਖ ਏਕਤਾ ਲਈ ਸਰਗਰਮ ਜਥੇਬੰਦੀ ਸੀ ਤੇ ਇਸੇ ਸਕੂਲ ਵਿਚ ਜਿਥੇ ਕਾਨਫਰੰਸ ਹੋ ਰਹੀ ਸੀ ਖਾਲਿਸਤਾਨੀਆਂ ਤੇ ਇਕ ਹੋਰ ਨਕਸਲੀ ਧੜੇ ਵਲੋਂ ਏਕਤਾ ਮੀਟਿੰਗ ਸ਼ਰੇ-ਆਮ ਤੋੜੀ ਗਈ ਸੀ।

## ਮਲਿਕ ਦੀਆਂ ਟਿਪਣੀਆਂ

'ਸਟੇਟਸਮੈਨ' ਦੇ ਪੱਤਰਪ੍ਰੇਰਕ ਬਲਜੀਤ ਮਲਿਕ ਨੇ 1984 ਦੇ ਦੰਗਿਆਂ ਬਾਰੇ ਟਿਪਣੀ ਕਰਦੇ ਕਿਹਾ ਕਿ ਸਰਕਾਰ ਨੇ ਸਿੱਖਾਂ ਵਿਰੁੱਧ ਹੋਏ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਕੇ ਮਸਲੇ ਨੂੰ ਬਹੁਤ ਉਲਝਾਇਆ ਹੈ। ਆਪਣੇ ਸੰਖੇਪ ਭਾਸ਼ਨ ਵਿਚ ਉਸਨੇ ਭਾਰਤ ਸਰਕਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਮਿਸ਼ਰਾ ਕਮਿਸ਼ਨ ਆਦਿ ਬਣਾ ਕੇ ਵੀ ਸਰਕਾਰ ਨੇ ਅਸਲ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ।

## ਅਗਾਂਹ ਵਧੂ ਜਥੇਬੰਦੀਆਂ ਵਲੋਂ ਬਾਈਕਾਟ

ਜਿਸ ਢੰਗ ਨਾਲ ਇਸ ਨਕਸਲੀ ਸੰਸਥਾ ਨੇ ਸਿਆਸੀ ਪੈਂਤੜਾ ਬਦਲਿਆ ਹੈ — ਇਸ ਕਾਰਨ ਵੈਨਕੂਵਰ ਦੇ ਅਗਾਂਹਵਧੂ ਤਬਕੇ ਵਲੋਂ ਇਸ ਕਾਨਫਰੰਸ ਦਾ ਮੁਕੰਮਲ ਬਾਈਕਾਟ ਇਹ ਦੱਸਦਾ ਹੈ ਕਿ ਇਹ ਸੰਸਥਾ ਆਪਣੀ ਡਿੱਗ ਰਹੀ ਸਾਖ ਨੂੰ ਠੁੰਮਣਾ ਦੇਣ ਲਈ ਹੱਥ ਪੱਲੇ ਮਾਰ ਰਹੀ ਹੈ।

ਵੈਨਕੂਵਰ ਵਿਚਲੇ ਖਾਲਿਸਤਾਨੀਆਂ ਦੀ ਡਿੱਗ ਰਹੀ ਸਾਖ ਦਾ ਵੀ ਇਹ ਕਾਨਫਰੰਸ ਪ੍ਰਮਾਣ ਸਾਬਤ ਹੋਈ ਹੈ ਕਿ ਉਹ ਕਮਿਊਨਿਸਟ ਕਹਾਉਂਦੀ ਸੰਸਥਾ ਦੀ ਸ਼ਰਨ ਲੈਣ ਲਈ ਵੀ ਤਿਆਰ ਹਨ ਜਦ ਕਿ ਪੰਜਾਬ ਵਿਚ ਖਾਲਿਸਤਾਨੀ ਅਨਸਰਾਂ ਵਲੋਂ ਕਮਿਊਨਿਸਟਾਂ ਦੇ ਕਤਲ ਵੀ ਕੀਤੇ ਜਾ ਰਹੇ ਹਨ।


## ਨਵਾਂ ਘਰ ਵਿਕਾਊ ਹੈ

ਸਰੀ ਦੇ ਵਧੀਆ ਇਲਾਕੇ ਵਿਚ ਨਵਾਂ ਘਰ ਵਿਕਾਊ ਹੈ ਜਿਸ ਵਿਚ ਉਤਲੇ ਹਿੱਸੇ ਵਿਚ ਤਿੰਨ ਬੈੱਡ ਰੂਮ ਹਨ — ਫੈਮਿਲੀ ਰੂਮ ਹੈ। ਬੇਸਮੈਂਟ ਮੁਕੰਮਲ ਹੈ। ਤਿੰਨ ਵਾਸ਼ ਰੂਮ ਹਨ। ਸਕੂਲ, ਬੱਸ ਸਟੈਂਡ ਤੇ ਸ਼ਾਪਿੰਗ ਸੈਂਟਰ ਨਾਲ ਲੱਗਦੇ ਹਨ।

**ਕੀਮਤ ਕੇਵਲ $1,17, 500**

ਹੋਰ ਜਾਣਕਾਰੀ ਲਈ ਫੋਨ ਕਰੋ :—

585-4349

ਜਾਂ 585-3613



Province of British Columbia

ਪਬਲਿਕ ਨੋਟਿਸ

## ਵਿਦਿਆ ਬਾਰੇ ਰਾਇਲ ਕਮਿਸ਼ਨ

(ਪਬਲਿਕ ਇਨਕੁਆਰੀਜ਼ ਐਕਟ, ਆਰ. ਐਸ. ਬੀ. ਸੀ. 1960, ਚੈਪਟਰ 315)

**ਬੈਰੀ ਐਮ. ਸੁਲੀਵਨ, ਕਿਊ. ਸੀ.**

ਨੂੰ ਕਮਿਸ਼ਨਰ ਨਿਯੁਕਤ ਕਰਕੇ ਬੀ. ਸੀ. ਦੇ ਸੂਬੇ ਵਿਚ ਕਿੰਡਰਗਾਰਡਨ ਤੋਂ ਬਾਰਾਂ ਗਰੇਡ ਤੱਕ ਦੀ ਵਿਦਿਆ ਦਾ ਪੁਨਰ ਨਿਰੀਖਣ ਕਰਨ ਲਈ ਆਮ ਅਧਿਕਾਰ ਸੌਂਪਿਆ ਗਿਆ ਹੈ।

ਆਮ ਸੁਣਵਾਈ ਹੇਠ ਲਿਖੇ ਅਨੁਸਾਰ ਹੋਵੇਗੀ :

ਵੈਨਕੂਵਰ, ਸੋਮਵਾਰ ਨਵੰਬਰ 9 — 7 ਵਜੇ ਸ਼ਾਮ
ਸੈਂਟ ਪੈਟਰਿਕ ਸਕੂਲ, 115 ਈਸਟ 11 ਐਵੇਨੀਊ
ਵੈਨਕੂਵਰ, ਮੰਗਲਵਾਰ ਨਵੰਬਰ 10 - 7 ਵਜੇ ਸ਼ਾਮ
ਲਾਰਡ ਬਿੰਗ ਸਕੂਲ, 3939 ਵੈਸਟ 16 ਐਵੇਨੀਊ
ਵੈਨਕੂਵਰ, ਵੀਰਵਾਰ ਨਵੰਬਰ 12 — 7 ਵਜੇ ਸ਼ਾਮ
ਵੈਨਕੂਵਰ ਟੈਕਨੀਕਲ ਸਕੂਲ, 2600 ਈਸਟ ਬਰਾਡਵੇ
ਵੈਨਕੂਵਰ, ਸੋਮਵਾਰ ਨਵੰਬਰ 16 — 7 ਵਜੇ ਸ਼ਾਮ
ਜੋਹਨ ਔਲੀਵਰ ਸੈਕੰਡਰੀ ਸਕੂਲ, 530 ਈਸਟ 41 ਐਵੇਨੀਊ
ਬਰਨਬੀ, ਮੰਗਲਵਾਰ ਨਵੰਬਰ 17 — 7 ਵਜੇ ਸ਼ਾਮ
ਬਰਨਬੀ ਨੌਰਥ ਸਕੂਲ, 751 ਹੈਮਰਸੈਲਡ ਸਟਰੀਟ
ਬਰਨਬੀ, ਵੀਰਵਾਰ ਨਵੰਬਰ 19 — 7 ਵਜੇ ਸ਼ਾਮ
ਸਰ੍ਹੀ ਐਜੂਕੇਸ਼ਨ ਸੈਂਟਰ, 4041 ਕੈਨੇਡਾ ਵੇਅ
ਚਿਲੀਵੈਕ, ਬੁੱਧਵਾਰ ਨਵੰਬਰ 25 — 7 ਵਜੇ ਸ਼ਾਮ
ਚਿਲੀਵੈਕ ਸੈਕੰਡਰੀ ਸਕੂਲ, 46363 ਯੇਲ ਰੋਡ
ਕਲੀਅਰਬਰੁੱਕ, ਵੀਰਵਾਰ ਨਵੰਬਰ 26 — 7 ਵਜੇ ਸ਼ਾਮ
ਡਬਲਯੂ. ਜੇ. ਮੁਆਟ ਸਕੂਲ, 32355 ਮੁਆਟ ਡਰਾਈਵ
ਨੀਊ ਵੈਸਟਮਿਨਸਟਰ, ਸੋਮਵਾਰ ਨਵੰਬਰ 30 — 7 ਵਜੇ ਸ਼ਾਮ
ਨੀਊਵੈਸਟਮਿਨਸਟਰ ਸੈਕੰਡਰੀ ਸਕੂਲ, 835 8 ਸਟਰੀਟ
ਕੋਕਿਟਲਮ, ਵੀਰਵਾਰ ਦਸੰਬਰ 3 — 7 ਵਜੇ ਸ਼ਾਮ
ਕੋਮੋ ਲੇਕ ਸਕੂਲ, 1121 ਕਿੰਗ ਐਲਬਰਟ ਐਵੇਨੀਊ
ਸਰੀ, ਮੰਗਲਵਾਰ ਦਸੰਬਰ 8 — 7 ਵਜੇ ਸ਼ਾਮ
ਕੁਈਨ ਐਲਿਜ਼ਬੈੱਥ ਸਕੂਲ, 9457 - 136 ਸਟਰੀਟ
ਸਰੀ, ਵੀਰਵਾਰ ਦਸੰਬਰ 10 — 7 ਵਜੇ ਸ਼ਾਮ
ਹੋਲੀ ਕਰਾਸ ਸੈਕੰਡਰੀ ਸਕੂਲ, 16193 - 88 ਐਵੇਨੀਊ
ਵੈਸਟ ਵੈਨਕੂਵਰ, ਸੋਮਵਾਰ ਦਸੰਬਰ 14 — 7 ਵਜੇ ਸ਼ਾਮ
ਵੈਸਟ ਵੈਨਕੂਵਰ ਸੈਕੰਡਰੀ ਸਕੂਲ, 1750 ਮੇਥਰਜ਼ ਐਵੇਨੀਊ
ਨਾਰਥ ਵੈਨਕੂਵਰ, ਮੰਗਲਵਾਰ ਦਸੰਬਰ 15 — 7 ਵਜੇ ਸ਼ਾਮ
ਵਿਲੀਅਮ ਈ. ਲੀਉਕਸ ਸੈਂਟਰ, 2132 ਹੈਮਿਲਟਨ ਸਟਰੀਟ
ਰਿਚਮੰਡ, ਵੀਰਵਾਰ ਦਸੰਬਰ 17 — 7 ਵਜੇ ਸ਼ਾਮ
ਐਸ. ਈ. ਲੰਡਨ ਸਕੂਲ, 10331 ਗਿਲਬਰਟ ਰੋਡ

ਕਮਿਸ਼ਨਰ ਵਿਅਕਤੀਆਂ ਅਤੇ ਸੰਸਥਾਵਾਂ ਤੋਂ ਲਿਖਤੀ ਬਿਊਰਾ ਅਤੇ ਜ਼ਬਾਨੀ ਗੱਲਬਾਤ ਵੀ ਸੁਣਨਗੇ।

ਸਾਰੇ ਆਵੇਦਨ-ਪੱਤਰ ਕਮਿਸ਼ਨ ਨੂੰ ਜਾਂ ਤੇ ਸੁਣਵਾਈ ਦੇ ਮੌਕੇ ਉਤੇ ਦਿਤੇ ਜਾ ਸਕਦੇ ਹਨ ਜਾਂ ਲਿਖਤੀ ਬਿਊਰੇ ਰਾਹੀਂ ਜਾਂ ਚਿੱਠੀ ਰਾਹੀਂ ਸਕੱਤਰ ਦੇ ਨਾਂ ਭੇਜੇ ਜਾ ਸਕਦੇ ਹਨ।

ਟੈਲੀਫੋਨ (24 ਘੰਟੇ)
ਕੁਲੈਕਟ ਫੋਨ
(0) 660-4010

ਕਮਿਸ਼ਨ ਦੀ ਮਾਰਫਤ :

Mr. John Walsh, Secretary
Royal Commission On Education
#350 - 900 Howe St.,
Vancouver, B.C. V6Z 2M4

# ਬੀ. ਸੀ. ਆਫਰ ਰੀਸਰਚ ਤੇ ਐਜੂਕੇਸ਼ਨ ਅਤੇ ਪਿਕਸ ਸੁਸਾਇਟੀ ਦੇ ਦਫਤਰ ਦਾ ਉਦਘਾਟਨ



ਉਦਘਾਟਨ ਸਮੇਂ :— ਪੌਲੀਨ ਜੁਐਟ ਐਮ. ਪੀ., ਐਲਡਰਮੈਨ ਡੌਨਲੀ, ਚਰਨਪਾਲ ਗਿੱਲ, ਤੇ ਅਨੀਤਾ ਹੇਗਨ ਐਮ. ਐਲ. ਏ. ।

ਦਿਨ ਸੋਮਵਾਰ, 19 ਅਕਤੂਬਰ ਨੂੰ ਬੀ. ਸੀ. ਆਫਰ ਸੁਸਾਇਟੀ ਤੇ ਪਿਕਸ ਸੁਸਾਇਟੀ ਦੇ ਦਫਤਰ ਦਾ ਉਦਘਾਟਨ ਪਾਊਲੀਨ ਜਿਊਟ, ਮੈਂਬਰ ਪਾਰਲੀਮੈਂਟ ਨੇ ਉਦਘਾਟਨ ਕੀਤਾ। ਕੁਝ ਉਘੇ ਸੱਜਣ ਪਹੁੰਚੇ ਹੋਏ ਸਨ ਜਿਨ੍ਹਾਂ ਅਨੀਤਾ ਹੇਗਨ, ਐਮ. ਐਲ. ਏ., ਲੂਈ ਸੋਰਨਸਨ, ਮਿਸਟਰ ਡਾਨਲੀ ਐਲਡਰਮੈਨ, ਅਜ਼ੀਜ਼ ਖਾਕੀ ਤੇ ਬੀ. ਸੀ. ਟੀ. ਐਫ. ਅਤੇ ਮਲਟੀਕਲਚਰਲ ਦੇ ਪ੍ਰਤੀਨਿਧ ਇੰਦਰ ਮੇਹਤ ਭੀ ਪਹੁੰਚੇ ਹੋਏ ਸਨ ।

ਸਾਰੇ ਆਏ ਮੈਂਬਰਾਂ ਨੂੰ ਚਰਨਪਾਲ ਗਿੱਲ ਨੇ ਦੋਨਾਂ ਸੁਸਾਇਟੀਆਂ ਦੇ ਪ੍ਰਧਾਨ ਹੋਣ ਦੇ ਨਾਤੇ ਜਾਣਕਾਰੀ ਦੁਆਈ । ਉਨ੍ਹਾਂ ਕਿਹਾ ਕਿ ਇਹ ਪਹਿਲੀਆਂ ਦੋ ਸੁਸਾਇਟੀਆਂ ਹਨ ਜੋ ਕਿ ਅਗਾਂਹਵਧੂ ਭਾਰਤੀਆਂ ਨੇ ਖੁਦ ਇਕੱਠੇ ਕਮਿਊਨਿਟੀ ਦੇ ਸਾਂਝੇ ਕੰਮਾਂ ਲਈ ਸਥਾਪਤ ਕੀਤੀਆਂ ।

ਨਸਲਵਾਦ ਦੀ ਲੜਾਈ ਉਨਾ ਚਿਰ ਨਹੀਂ ਲੜੀ ਜਾ ਸਕਦੀ ਜਿੰਨਾ ਚਿਰ ਇਸਦੀਆਂ ਜੜ੍ਹਾਂ ਦੀ ਖੋਜ ਨਾ ਕੀਤੀ ਜਾਵੇ। ਖੋਜ ਤੋਂ ਅਸੀਂ ਹੱਲ ਭੀ ਲੱਭ ਸਕਦੇ ਹਾਂ। ਇਸ ਖੋਜ ਦੇ ਆਸਰੇ ਅਸੀਂ ਲੋਕਾਂ ਨੂੰ ਸਿਖਿਆ ਭੀ ਦੇ ਸਕਦੇ ਹਾਂ ਕਿ ਕਿਸ ਯੋਗ ਢੰਗ ਨਾਲ ਨਸਲਵਾਦ ਨੂੰ ਘਟਾਇਆ ਜਾ ਸਕਦਾ ਹੈ । ਬਹੁ ਭਾਂਤੀ ਸਭਿਆਚਾਰਕ ਵਿਦਿਆ ਦੇ ਕੇ ਅਸੀਂ ਸਾਡੀ ਕਮਿਊਨਿਟੀ ਤੇ ਦੂਸਰੀਆਂ ਕਮਿਉਨਿਟੀਆਂ ਦੇ ਵਿਚਾਲੇ ਰਿਸ਼ਤੇ ਦਾ ਪੁਲ ਬੰਨ ਸਕਦੇ ਹਾਂ । ਇਸੇ ਤਰ੍ਹਾਂ ਪਿਕਸ ਸੁਸਾਇਟੀ ਆਪਦੇ ਰੇਡੀਓ ਪਰੋਗਰਾਮ ਰਾਹੀਂ ਲੋਕਾਂ ਤੱਕ ਪੁਜ ਸਕਦੀ ਹੈ । ਸਾਡੀਆਂ ਤਕਲੀਫਾਂ ਨੂੰ ਲੋਕਾਂ ਸਾਹਮਣੇ ਪੇਸ਼ ਕਰ ਸਕਦੀ ਹੈ। ਸਮਾਜਕ ਕੁਰੀਤੀਆਂ ਦੀ ਨਿੰਦਿਆ ਕਰਕੇ ਲੋਕਾਂ ਵਿਚ ਜਾਗਰਤੀ ਪੈਦਾ ਕਰ ਸਕਦੀ ਹੈ ।

ਪਾਊਲੀਨ ਜਿਊਟ ਨੇ ਕਿਹਾ ਕਿ ਬਹੁਤ ਚੰਗਾ ਉਦਮ ਹੈ ਤੇ ਉਸਨੇ ਆਪਦੀ ਕਾਂਸਟਿਚਿਊਸੀ ਵਿਚ ਦਫਤਰ ਖੋਹਲਣ ਬਾਰੇ ਖੁਸ਼ੀ ਪ੍ਰਗਟ ਕੀਤੀ ਤੇ ਜੀਅ ਆਇਆ ਕਿਹਾ । ਅਨੀਤਾ ਹੇਗਨ ਐਮ ਐਲ ਏ ਨੇ ਕਿਹਾ ਕਿ ਨਿਊਵੈਸਟ ਵਿਚ ਅਜਿਹੀਆਂ ਏਜੰਸੀਆਂ ਦੀ ਲੋੜ ਸੀ। ਇਹ ਦੋਨੋਂ ਏਜੰਸੀਆਂ ਇਸ ਘਾਪੇ ਨੂੰ ਪੂਰਾ ਕਰ ਦੇਣਗੀਆਂ । ਐਲਡਰਮੈਨ ਡਾਨਲੀ ਨੇ ਕਿਹਾ ਕਿ ਉਸਨੇ ਭੀ ਬਿਜ਼ਨਿਸ ਇਸ ਦਫਤਰ ਤੋਂ ਸ਼ੁਰੂ ਕੀਤੀ ਸੀ। ਅੱਜ 18 ਸਾਲਾਂ ਬਾਅਦ ਉਹ ਇਕ ਸਫਲ ਬਿਜ਼ਨਿਸਮੈਨ ਹੈ। ਮਿਸਟਰ ਜੇਕਲੀਕਾਰ ਜੋ ਇਕ ਭਾਰਤੀ ਹੈ ਤੇ ਨਿਊਵੈਸਟ ਵਿਚ ਸਕੂਲ ਟਰੱਸਟੀ ਭੀ ਹੈ, ਕਿਹਾ ਕਿ ਕਾਲੇ ਰੰਗ ਦੇ ਲੋਕਾਂ ਨੂੰ ਖਾਸ ਕਰਕੇ ਜੋ ਸਿਆਸੀ ਘੋਲ ਵਿਚ ਅਗੇ ਵਧਣਾ ਚਾਹੁੰਦੇ ਹਨ ਬਹੁਤ ਹੀ ਮੁਸ਼ਕਲਾਂ ਸਾਹਮਣੇ ਆਉਂਦੀਆਂ ਹਨ

ਇਹ ਦੋਨਾਂ ਸੁਸਾਇਟੀਆਂ ਨਿਊਵੈਸਟਮਿਨਸਟਰ ਹੀ ਨਹੀਂ ਪਰ ਲੋਅਰ ਮੇਨਲੈਂਡ ਦੇ ਸਾਰੇ ਕਾਲੇ ਰੰਗ ਤੇ ਭਾਰਤੀ ਲੋਕਾਂ ਦੀ ਮੱਦਦ ਕਰਨਗੀਆਂ। ਡਾਕਟਰ ਕੇਮ ਪਰਸਾਦ ਜੋ ਫਿਜ਼ੀ ਤੋਂ ਹਨ ਇਸ ਵਿਚ ਕੰਮ ਕਰਨਗੇ । ਇਸਦਾ ਐਡਰੇਸ ਹੈ

907A - 12th St.
New Westminster, B.C. Tel: 521-2749

# ਕਮਿਊਨਿਟੀ ਲਈ ਸੂਚਨਾ

ਵੈਸਟਰਨ ਕੇਬਲ 4 ਵਲੋਂ 'ਦੱਖਣੀ ਏਸ਼ੀਅਨ ਮੋਜ਼ਾਇਕ' ਪਰੋਗਰਾਮਾਂ ਦੀ ਲੜੀ ਟੀ. ਵੀ. ਉਤੇ ਪੇਸ਼ ਕੀਤੀ ਜਾ ਰਹੀ ਹੈ । ਇਸ ਪ੍ਰੋਗਰਾਮ ਦੇ ਪ੍ਰੋਡਿਊਸਰ ਤੇ ਹੋਸਟ ਹੇਮੀ ਧਨੋਆ ਹਨ ਜੋ ਸੋਸ਼ਲ ਵਰਕਰ ਹਨ ਕਮਿਊਨਿਟੀ ਦੀਆਂ ਵੱਖ ਵੱਖ ਸੰਸਥਾਵਾਂ ਅਤੇ ਵਿਅਕਤੀਆਂ ਨੇ ਇਹ ਪਰੋਗਰਾਮ ਬਨਾਉਣ ਵਿਚ ਵਲੰਟੀਅਰ ਦੇ ਤੌਰ ਉਤੇ ਸਹਾਇਤਾ ਕੀਤੀ ਹੈ । ਵੱਖ ਵੱਖ ਧਾਰਮਿਕ ਅਕੀਦਿਆਂ, ਸਭਿਆਚਾਰਾਂ ਤੇ ਬੋਲੀਆਂ ਦਾ ਮਿਸ਼ਰਣ 'ਦੱਖਣੀ ਏਸ਼ੀਅਨ ਮੋਜ਼ਾਇਕ' ਪ੍ਰੋਗਰਾਮ ਹੈ ।

ਵਲੰਟੀਅਰਾਂ ਦੀ ਸਹਾਇਤਾ ਨਾਲ ਤਿਆਰ ਕੀਤਾ ਇਹ ਸੰਯੁਕਤ ਪਰੋਗਰਾਮ ਹੈ ਜਿਸ ਵਿਚ —

(1) ਮਨੋਰੰਜਨ ਹੈ — ਨਾਚ, ਗੀਤ, ਸੰਗੀਤ, ਕਵਿਤਾਵਾਂ ਆਦਿ
(2) ਜਾਣਕਾਰੀ ਹੈ — ਮੁਲਾਕਾਤਾਂ, ਵਿਚਾਰ-ਵਟਾਂਦਰੇ ਤੇ ਸੰਪਾਦਕੀਆਂ ਆਦਿ ।

## ਪ੍ਰੋਗਰਾਮ

ਅੱਧੇ ਅੱਧੇ ਘੰਟੇ ਦੇ ਚੌਦਾਂ ਪਰੋਗਰਾਮ ਹੇਠ ਲਿਖੇ ਅਨੁਸਾਰ ਹਨ :

1. ਸਰੀ — ਅਕਤੂਬਰ 19, ਸੋਮਵਾਰ 8 ਵਜੇ ਸ਼ਾਮ ਤੋਂ 8.30 ਸ਼ਾਮ
ਨੀਊਵੈਸਟ — ਅਕਤੂਬਰ 23, ਸ਼ੁਕਰਵਾਰ 7 ਵਜੇ ਸ਼ਾਮ ਤੋਂ 7.30 ਵਜੇ ਸ਼ਾਮ
ਲੈਂਗਲੀ — ਅਕਤੂਬਰ 25, ਐਤਵਾਰ 8.30 ਵਜੇ ਸ਼ਾਮ ਤੋਂ 9 ਵਜੇ ਸ਼ਾਮ ।

2. ਵੈਨਕੂਵਰ,
ਬਰਨਬੀ, ਰਿਚਮੰਡ — ਨਵੰਬਰ 8, ਐਤਵਾਰ 2 ਵਜੇ ਸ਼ਾਮ ਤੋਂ 2.30 ਵਜੇ ਸ਼ਾਮ
ਕੁਕਿਟਲਮ, ਪੋਰਟ ਕੁਕਿਟਲਮ — ਨਵੰਬਰ 9, ਸੋਮਵਾਰ 9.30 ਸਵੇਰ ਤੋਂ 10 ਵਜੇ ਸਵੇਰ
ਪੋਰਟਮੂਡੀ, ਮਿਸ਼ਨ — ਨਵੰਬਰ 12, ਵੀਰਵਾਰ 7.30 ਸ਼ਾਮ ਤੋਂ 8 ਵਜੇ ਸ਼ਾਮ
ਮੇਪਲ ਰਿਜ, ਨਾਰਥ ਸਾਈਡ ਆਫ ਫਰੇਜ਼ਰ ਰਿਵਰ — ਨਵੰਬਰ 14, ਸ਼ਨਿਚਰਵਾਰ 12.30 ਸ਼ਾਮ ਤੋਂ 1.00 ਸ਼ਾਮ

3. ਡੈਲਟਾ — ਨਵੰਬਰ 20, ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8.00 ਵਜੇ ਸ਼ਾਮ — ਨਵੰਬਰ 27, ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8 ਵਜੇ ਸ਼ਾਮ — ਦਸੰਬਰ 4 — ਦਸੰਬਰ 11 — ਦੋ ਇਕ ਘੰਟੇ ਦੇ ਸਪੈਸ਼ਲ

4. ਵਿਕਟੋਰੀਆ — ਨਵੰਬਰ 8, ਐਤਵਾਰ 2 ਵਜੇ ਸ਼ਾਮ ਤੋਂ 2.30 ਵਜੇ ਸ਼ਾਮ — ਨਵੰਬਰ 14, ਸ਼ਨਿਚਰਵਾਰ — 12.30 ਵਜੇ ਸ਼ਾਮ ਤੋਂ 1 ਵਜੇ ਸ਼ਾਮ ।

1988 ਜਨਵਰੀ (ਪ੍ਰੋਗਰਾਮ 1—14)
ਜਨਵਰੀ 5 — ਮੰਗਲਵਾਰ 10.30 ਵਜੇ ਸ਼ਾਮ ਤੋਂ 11 ਵਜੇ ਸ਼ਾਮ
ਜਨਵਰੀ 8 — ਸ਼ੁਕਰਵਾਰ 7.30 ਵਜੇ ਸ਼ਾਮ ਤੋਂ 8.00 ਵਜੇ ਸ਼ਾਮ
ਹੋਰ ਜਾਣਕਾਰੀ ਲਈ ਫੋਨ ਕਰੋ :—

**ਵੈਸਟਰਨ ਕੇਬਲ 4 — 588-0441**

# ਸੇਲਜ਼ਮੈਨ ਜ਼ਖਮੀ ਕਰਕੇ ਪਟਰੌਲ ਪੰਪ ਤੋਂ 1500 ਲੁਟੇ

ਧੂਰੀ — ਤਿੰਨ ਸਕੂਟਰ ਸਵਾਰ ਦਹਿਸ਼ਤਪਸੰਦਾਂ ਨੇ ਪਿੰਡ ਮੁਲੋਵਾਲ ਦੇ ਪੈਟਰੋਲ ਪੰਪ ਦੇ ਸੇਲਜ਼ਮੈਨ ਰਾਮਜੀ ਦਾਸ ਨੂੰ ਗੰਭੀਰ ਜ਼ਖਮੀ ਕਰਕੇ ਪੈਟਰੌਲ ਪੰਪ ਤੋਂ 1500 ਰੁਪਏ ਲੁਟ ਲਏ। ਜ਼ਖਮੀ ਨੂੰ ਸ੍ਰੀ ਐਮ ਸੀ ਲੁਧਿਆਣਾ ਭੇਜਿਆ ਗਿਆ ਹੈ । ਸੂਚਨਾ ਮਿਲਣ ਤੇ ਐਸ ਐਚ ਓ ਹਰਭਜਨ ਸਿੰਘ ਮੌਕੇ ਤੇ ਪਹੁੰਚ ਗਏ ਤੇ ਪੁਛਗਿਛ ਲਈ ਉਨ੍ਹਾਂ ਪੰਜ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਹੈ ।


ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ ਸੂਟ ਸਾੜ੍ਹੀਆਂ
ਵਧੀਆ ਪਰਦੇ ਬਣਾਉਣ ਲਈ ਇਕੋ ਇਕ ਭਰੋਸੇ ਯੋਗ ਸਟੋਰ




SHAN
SAREES &
DRAPERY LTD.
Serving you since 1970

ਸਾਡੇ ਤਜਰਬੇ ਦਾ ਲਾਭ ਉਠਾਉਣ ਲਈ
ਅੱਜ ਹੀ ਮੁਫ਼ਤ ਐਸਟੀਮੇਟ ਲਈ ਫ਼ੋਨ ਕਰੋ
ਜਾਂ ਦਰਸ਼ਨ ਦਿਓ
6543 Main St., Vancouver, B.C.
Ph. 321-1955, 321-0847


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..................................................
Address...............................................
City..................................................
Province..............................................
Postal code...........................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA.......................... | 100 dollars[a year] |
| U.S.A. ....................... | 30 dollars [a year] |
| Europe ...................... | 100 dollars[a year] |
| Africa ........................ | 100 dollars [a year] |

# ਰਾਜੀਵ ਗਾਂਧੀ ਨੂੰ ਮਿਲਣ ਵਾਲਿਆਂ ਨੂੰ ਮਾਯੂਸੀ ਦੇਖਣੀ ਪਈ



ਵੈਨਕੂਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਕੁਝ ਲੋਕ ਰਾਜੀਵ ਗਾਂਧੀ ਨੂੰ ਮਿਲਣਾ ਚਾਹੁੰਦੇ ਸਨ ਪਰ ਕੈਨੇਡਾ ਦੇ ਪੁਲਸ ਅਧਿਕਾਰੀਆਂ ਨੇ ਉਸ ਲਿਸਟ ਵਿਚ ਕੁਝ ਅਜਿਹੇ ਵਿਅਕਤੀਆਂ ਦੇ ਨਾਂ ਦੇਖੇ ਜੋ ਸੁਰੱਖਿਆ ਲਈ ਖਤਰਾ ਬਣ ਸਕਦੇ ਸਨ। ਸ਼ਨਿਚਰਵਾਰ ਨੂੰ ਸਾਢੇ ਛੇ ਵਜੇ ਹੋਣ ਵਾਲੀ ਮੀਟਿੰਗ ਕੈਂਸਲ ਕੀਤੀ ਗਈ।

ਇਕ ਹੋਰ ਸੂਚਨਾ ਅਨੁਸਾਰ ਇੰਡੋ-ਕੈਨੇਡੀਅਨ ਮੀਡੀਏ ਨੂੰ ਪਹਿਲਾਂ ਹੀ ਜਾਣ ਬੁਝ ਕੇ ਇਸ ਮੀਟਿੰਗ ਤੋਂ ਪਾਸੇ ਰੱਖਿਆ ਗਿਆ ਸੀ ਪਰ ਇਕ ਅਖਬਾਰ ਵਾਲਾ ਇਸ ਮੀਟਿੰਗ ਵਿਚ ਜ਼ਰੂਰ ਬੁਲਾਇਆ ਗਿਆ ਸੀ।

ਪ੍ਰਧਾਨ ਮੰਤਰੀ ਨੇ ਅੰਗਰੇਜ਼ੀ ਮੀਡੀਏ ਨੂੰ ਕਿਹਾ ਕਿ ਮੀਟਿੰਗ ਇਸ ਲਈ ਕੈਂਸਲ ਕਰਨੀ ਪਈ ਕਿਉਂਕਿ ਅੰਤਲਾ ਸਮਾਗਮ ਬਹੁਤ ਲੰਮਾ ਹੋ ਗਿਆ ਸੀ।

## ਸੁਰੱਖਿਆ ਲਈ ਖਤਰਾ ?

ਆਮ ਕਮਿਊਨਿਟੀ ਵਿਚ ਇਸ ਗੱਲ ਉਤੇ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਪਹਿਲਾਂ 150 ਆਦਮੀ ਦੀ ਲਿਸਟ ਸੀ ਜੋ ਘਟਾ ਕੇ 50 ਕੀਤੀ ਗਈ ਪਰ ਉਨ੍ਹਾਂ 50 ਵਿਅਕਤੀਆਂ ਵਿਚ ਵੀ ਅਜਿਹੇ ਸੱਜਣ ਹੋ ਸਕਦੇ ਹਨ ਜਿਨ੍ਹਾਂ ਦੇ ਖਾਲਿਸਤਾਨੀ ਅਨਸਰਾਂ ਨਾਲ ਸਬੰਧ ਹਨ। ਇੰਡੋ-ਕੈਨੇਡੀਅਨ ਮੀਡੀਏ ਨੂੰ ਪਾਸੇ ਰੱਖਣ ਵਿਚ ਵੀ ਕੋਈ ਤੁੱਕ ਕਿਸੇ ਨੂੰ ਨਜ਼ਰ ਨਹੀਂ ਆਉਂਦੀ।

## ਡਾ: ਪਾਂਡੀਆ ਨਾਲ ਮੁਲਾਕਾਤ

ਪ੍ਰਧਾਨ ਮੰਤਰੀ ਨੇ ਵਿਸ਼ੇਸ਼ ਸੱਦੇ ਉਤੇ ਡਾ: ਪਾਂਡੀਆ ਨੂੰ ਬੁਲਾਇਆ 'ਸਨ' ਅਖਬਾਰ ਵਿਚ ਕਿਮ ਬੋਲਨ ਨੇ ਲਿਖਿਆ ਹੈ ਕਿ ਡਾ: ਪਾਂਡੀਆ ਅਜਿਹਾ ਵਿਅਕਤੀ ਹੈ ਜੋ ਭਾਰਤ ਦੇ ਇਕ ਪ੍ਰਵਾਰ ਦੇ ਤਿੰਨ ਪ੍ਰਧਾਨ ਮੰਤਰੀਆਂ ਨੂੰ ਮਿਲਿਆ ਹੈ। ਵੈਨਕੂਵਰ ਵਿਚ 1947 ਵਿਚ ਉਹ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਿਆ, 1973 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਮਿਲਿਆ ਤੇ 1987 ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ।

ਤਿੰਨ ਸੀਨੀਅਰ ਸ਼ਹਿਰੀਆਂ ਨੇ ਰਾਜੀਵ ਗਾਂਧੀ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਵਿਚ ਡਾ: ਪਾਂਡੀਆ ਵੀ ਸ਼ਾਮਲ ਸਨ। ਡਾ: ਪਾਂਡੀਆ ਕੈਨੇਡਾ ਵਿਚ 1939 ਵਿਚ ਆਏ ਸਨ। ਡਾ: ਪਾਂਡੀਆ ਨੇ ਪੰਜਾਬ ਦੇ ਮਸਲੇ ਉਤੇ ਰਾਜੀਵ ਗਾਂਧੀ ਨਾਲ ਗੱਲਬਾਤ ਕੀਤੀ ਤਾਂ ਸ੍ਰੀ ਗਾਂਧੀ ਨੇ ਕਿਹਾ ਕਿ ਕੇਂਦਰ ਸਰਕਾਰ ਜਮਹੂਰੀਅਤ ਬਰਕਰਾਰ ਰੱਖਣਾ ਚਾਹੁੰਦੀ ਹੈ ਪਰ ਪੰਜਾਬ ਵਿਚ ਆਪੋਧਾਪੀ ਪਈ ਹੋਈ ਹੈ।

# ਯੂ. ਪੀ. ਦੇ ਤਰਾਈ ਦੇ ਜ਼ਿਲਿਆਂ 'ਚ ਕਈ ਅਤਿਵਾਦੀ ਕਾਰਵਾਈਆਂ

ਰਾਮਪੁਰ — ਰਾਮਪੁਰ ਅਤੇ ਮੁਰਾਦਾਬਾਦ ਜਿਲਿਆਂ ਦੇ ਕੋਈ ਪੰਜਾਹ ਤੋਂ ਵੱਧ ਪਿੰਡਾਂ ਦੇ ਲਗਭਗ 40000 ਲੋਕਾਂ ਨੂੰ ਦਹਿਸ਼ਤਗਰਦੀ ਦੇ ਖਤਰਿਆਂ ਤੋਂ ਗੰਭੀਰ ਖਤਰਾ ਦਰਪੇਸ਼ ਹੈ। ਪਿਛਲੇ ਇਕ ਮਹੀਨੇ ਦੌਰਾਨ ਬਹੁਤ ਸਾਰੀਆਂ ਲਾਸ਼ਾਂ ਸੜਕਾਂ, ਖੇਤਾਂ ਆਦਿ ਥਾਵਾਂ ਤੋਂ ਮਿਲੀਆਂ ਹਨ। ਇਸ ਇਲਾਕੇ ਦੇ ਕੁਝ ਵਸਨੀਕਾਂ ਨੇ ਦੱਸਿਆ ਕਿ 25 ਸਤੰਬਰ ਵਾਲੇ ਇਕੋ ਦਿਨ ਹੀ ਬਹਾਲਾ ਨਦੀ ਨੇੜੇ ਪਈਆਂ ਚਾਰ ਲਾਸ਼ਾਂ ਮਿਲੀਆਂ, ਇਕ ਡਾਕਟਰ ਦੀ ਕਲੀਨਿਕ ਲੁਟ ਲਈ ਗਈ ਸਾਰੇ ਮਰੀਜ਼ਾਂ ਕੋਲੋਂ ਸਾਮਾਨ ਤੇ ਨਕਦੀ ਵੀ ਲੁੱਟ ਲਈ। ਇਕ ਟੈਂਪੂ ਨੂੰ ਅੱਗ ਲਾ ਦਿੱਤੀ ਗਈ ਪਿੰਡ ਵਾਸੀਆਂ ਨੇ ਇਕ ਵਿਦਿਆਰਥੀ ਦੀ ਕਹਾਣੀ ਵੀ ਸੁਣਾਈ ਜਿਸ ਨੂੰ ਅਗਵਾ ਕਰ ਲਿਆ ਗਿਆ ਸੀ ਅਤੇ ਉਸ ਦੀ ਰਿਹਾਈ ਲਈ ਇਕ ਲੱਖ ਰੁਪਏ ਦੀ ਰਕਮ ਮੰਗੀ ਗਈ। ਇਹ ਪਤਾ ਚਲਿਆ ਹੈ ਕਿ ਇਨ੍ਹਾਂ ਲੁਟਖੋਹਾਂ ਤੇ ਕਤਲਾਂ ਪਿਛੇ ਕੁਝ ਗਰੋਹਾਂ ਦਾ ਹੱਥ ਹੈ। ਇਹਨਾਂ ਗਰੋਹਾਂ ਕੋਲ ਆਧੁਨਿਕ ਕਿਸਮ ਦੇ ਹਥਿਆਰ ਹਨ ਜਿਹੜੇ ਉਹਨਾਂ ਆਪਣੇ ਦਹਿਸ਼ਤਗਰਦਾਂ ਨਾਲ ਸਬੰਧਾਂ ਤੋਂ ਪ੍ਰਾਪਤ ਕੀਤੇ ਹਨ।

# ਹੁਣ ਦੋ ਸ਼੍ਰੋਮਣੀ ਕਮੇਟੀਆਂ

ਚੰਡੀਗੜ੍ਹ — ਆਨੰਦਪੁਰ ਸਾਹਿਬ ਵਿਚ 16 ਅਕਤੂਬਰ ਨੂੰ ਸੰਯੁਕਤ ਅਕਾਲੀ ਦਲ ਧੜੇ ਦੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਪੰਦਰਾਂ ਸਾਲ ਤੋਂ ਚਲੇ ਆ ਰਹੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਜਦ ਕਿ ਸ਼੍ਰੋਮਣੀ ਅਕਾਲੀ ਦਲ (ਲੌਂ:) ਧੜੇ ਨੇ ਹਰਚਰਨ ਸਿੰਘ ਹੁਡਿਆਰਾ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਦਾ ਦਾਅਵਾ ਕੀਤਾ ਹੈ। ਦੋਨਾਂ ਧੜਿਆਂ ਨੇ ਆਪਣੀ ਆਪਣੀ ਆਹੁਦੇਦਾਰਾਂ ਦੀ ਲਿਸਟ ਵੀ ਵੱਖ ਵੱਖ ਰੀਲੀਜ਼ ਕੀਤੀ।

ਸਰਕਾਰ ਨੂੰ ਦਿਤੇ ਗਏ ਨੋਟਿਸ ਵਿਚ ਦੋਨਾਂ ਧੜਿਆਂ ਨੇ ਆਪਣੇ ਆਪਣੇ ਅਹੁਦੇਦਾਰਾਂ ਦੇ ਨਾਂ ਪੇਸ਼ ਕੀਤੇ ਹਨ। ਦੋਵਾਂ ਧੜਿਆਂ ਵਿਚ ਸਮਝੌਤੇ ਲਈ ਚਲ ਰਹੀ ਗੱਲਬਾਤ ਆਖਰੀ ਸਮੇਂ ਟੁੱਟ ਜਾਣ ਕਾਰਨ ਇਹ ਕਾਰਵਾਈ ਹੋਈ ਹੈ।

21 ਨਵੰਬਰ ਨੂੰ

ਚਰਨਪਾਲ ਗਿੱਲ ਜੋ ਬੌਬ ਬੋਸ ਸਲੇਟ ਨਾਲ ਖੜ੍ਹਾ ਹੈ, ਵੋਟ ਪਾ ਕੇ ਸਫਲ ਕਰੋ

ਇਸ ਤਰ੍ਹਾਂ ਭਾਰਤੀ ਕਮਿਊਨਿਟੀ ਦਾ ਮਾਣ ਵਧੇਗਾ

ਸਿਆਸੀ ਤਾਕਤ ਤੋਂ ਬਿਨਾਂ ਕਿਸੇ ਕਮਿਊਨਿਟੀ ਦੀ ਪੁੱਛਗਿਛ ਨਹੀਂ ਹੁੰਦੀ



ਚਰਨਪਾਲ ਗਿੱਲ

(ਪਰਮਜੀਤ ਬੈਂਪਾਰਾਏ ਵਲੋਂ ਸਪੌਂਸਰਡ ਐਡ)

CALL US FIRST

IATA APPROVED OFFICE

Express Internationl Travel (1986) Ltd. ATAC

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ। ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸੰਪਰਕ ਕਰੋ। ਨਾਲ ਹੀ ਇੰਮੀਗਰੇਂਟ ਤੇ ਵਿਜ਼ਟਰ ਇੰਨਸ਼ੋਰੈਂਸ ਵੀ ਅਸੀਂ ਮੁਹੱਈਆ ਕਰਦੇ ਹਾਂ।

Approved Agent All Major Airlines

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

321-8777

5787 Victoria Drive, VANCOUVER, B.C. V5P 3W5



AJIT KANG

## ਬੀ. ਜੇ. ਪੀ. ਵਲੋਂ ਪੰਜਾਬ ਫੌਜ ਹਵਾਲੇ ਕਰਨ ਦੀ ਮੁੜ ਦੁਹਾਈ

ਜੋਧਪੁਰ — ਭਾਰਤੀ ਜਨਤਾ ਪਾਰਟੀ ਨੇ ਆਪਣੀ ਕੌਮੀ ਕਾਰਜਕਾਰਨੀ ਦੀ ਤਿੰਨ ਦਿਨਾਂ ਮੀਟਿੰਗ ਦੇ ਆਖਰੀ ਦਿਨ ਪੰਜਾਬ ਸਥਿਤੀ ਦਾ ਰੀਵੀਊ ਕਰਦਿਆਂ ਦਹਿਸ਼ਤਗਰਦਾਂ ਨੂੰ ਆਮ ਲੋਕਾਂ ਨਾਲੋਂ ਨਿਖੇੜਨ ਲਈ ਕਿਹਾ ਹੈ ਅਤੇ ਕਿਹਾ ਹੈ ਕਿ ਅੱਜ ਪੰਜਾਬ ਦੀ ਸਥਿਤੀ ਰਾਜੀਵ ਗਾਂਧੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਦੀ ਸਥਿਤੀ ਨਾਲੋਂ ਵੀ ਜ਼ਿਆਦਾ ਵਿਗੜ ਗਈ ਹੈ। ਇਸ ਦੇ ਮਤੇ ਵਿਚ ਪੰਥਕ ਕਮੇਟੀ ਵਲੋਂ ਖਾਲਿਸਤਾਨ ਕਾਇਮ ਕਰਨ ਦੇ ਐਲਾਨ ਦੀ ਵੀ ਸਖਤ ਨਿਖੇਧੀ ਕੀਤੀ ਗਈ ਹੈ। ਪਾਰਟੀ ਵਲੋਂ ਅਪਣਾਏ ਗਏ ਮਤੇ ਵਿਚ ਕਿਹਾ ਗਿਆ ਹੈ ਕਿ ਰਾਜੀਵ ਗਾਂਧੀ ਕੋਲ ਕੋਈ ਨੀਤੀ ਸੇਧ ਨਹੀਂ ਹੈ ਅਤੇ ਇਹ ਅਡਹਾਕ ਆਧਾਰ ਉਤੇ ਮਸਲਿਆਂ ਨੂੰ ਹਲ ਕਰ ਰਿਹਾ ਹੈ। ਇਸ ਨੇ ਆਪਣੀ ਇਹ ਮੰਗ ਮੁੜ ਦੁਹਰਾਈ ਹੈ ਕਿ ਪੱਛਮੀ ਸਰਹੱਦ ਦੇ ਨਾਲ ਨਾਲ ਸੁਰੱਖਿਆ ਪੱਟੀ ਕਾਇਮ ਕੀਤੀ ਜਾਵੇ। ਇਸ ਨੇ ਕੇਂਦਰ ਸਰਕਾਰ ਨੂੰ ਪੰਜਾਬ ਵਿਚ ਫੌਜ ਤਾਇਨਾਤ ਕਰਨ ਲਈ ਵੀ ਕਿਹਾ ਹੈ।

## ਦਸ ਹਜ਼ਾਰ ਰੁਪਏ ਲੁੱਟੇ

ਬਟਾਲਾ — ਦੋ ਸਾਈਕਲ ਸਵਾਰ ਦਹਿਸ਼ਤਪਸੰਦਾਂ ਨੇ ਥਾਣਾ ਕਾਦੀਆਂ ਦੇ ਪਿੰਡ ਮੁਰਾਦਪੁਰ ਨੇੜੇ ਸਤਨਾਮ ਸਿੰਘ ਨਾਮੀ ਵਿਅਕਤੀ ਤੋਂ ਦਸ ਹਜ਼ਾਰ ਰੁਪਏ ਦੀ ਰਕਮ ਪਿਸਤੌਲ ਦੀ ਨੋਕ ਤੇ ਲੁਟ ਲਈ ਤੇ ਫਰਾਰ ਹੋ ਗਏ। ਦੱਸਿਆ ਜਾਂਦਾ ਹੈ ਕਿ ਸਤਨਾਮ ਸਿੰਘ ਉਕਤ ਰਕਮ ਲੈ ਕੇ ਆਪਣੇ ਪਿੰਡ ਮੁਰਾਦਪੁਰ ਜਾ ਰਿਹਾ ਸੀ ਕਿ ਰਸਤੇ ਵਿਚ ਦੋ ਸਾਈਕਲ ਸਵਾਰ ਦਹਿਸ਼ਤਪਸੰਦਾਂ ਨੇ ਉਸ ਨੂੰ ਰੋਕਿਆ ਤੇ ਪਿਸਤੌਲ ਦਿਖਾ ਕੇ ਉਸ ਨੂੰ ਸਭ ਕੁਝ ਹਵਾਲੇ ਕਰਨ ਲਈ ਕਿਹਾ ਜਿਸ ਤੇ ਉਸ ਤੋਂ ਉਹ ਦਸ ਹਜ਼ਾਰ ਰੁਪਏ ਦੀ ਰਕਮ ਖੋਹ ਕੇ ਲੈ ਗਏ।

ਪੁਲਸ ਅਨੁਸਾਰ ਅਜੇ ਤਕ ਇਸ ਸਬੰਧ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਤੇ ਕੇਸ ਦਰਜ ਕਰ ਲਿਆ ਗਿਆ ਹੈ। ਦੂਜੇ ਪਾਸੇ ਪੁਲਸ ਨੇ ਯੂਨਾਈਟਿਡ ਕਮਰਸ਼ੀਅਲ ਬੈਂਕ ਵਿਚ ਹੋਈ ਲੁਟ ਦੀ ਘਟਨਾ ਦੇ ਸਬੰਧ ਵਿਚ ਅਖਬਾਰਾਂ 'ਚ ਛਪੀ ਲੁਟ ਦੀ ਰਕਮ ਨੂੰ ਗਲਤ ਕਰਾਰ ਦਿਤਾ ਹੈ ਤੇ ਕਿਹਾ ਹੈ ਕਿ ਬੈਂਕ ਵਿਚੋਂ ਕੇਵਲ 32,722 ਰੁਪਏ ਦੀ ਰਕਮ ਲੁਟੀ ਗਈ ਅਤੇ ਬੈਂਕ ਵਿਚ ਪੰਜ ਦਹਿਸ਼ਤਪਸੰਦ ਆਏ ਸਨ। ਉਕਤ ਬੈਂਕ ਦੀ ਲੁਟ ਸਬੰਧੀ ਦਹਿਸ਼ਤਪਸੰਦਾਂ ਦੀ ਸਰਗਰਮੀ ਨਾਲ ਤਲਾਸ਼ ਜਾਰੀ ਹੈ।

## ਜਕਾਰਤਾ ਵਿਚ ਭਿਆਨਕ ਰੇਲ ਹਾਦਸਾ

ਜਕਾਰਤਾ — ਇਥੇ ਦੋ ਰੇਲਾਂ ਵਿਚਕਾਰ ਟੱਕਰ ਹੋ ਜਾਣ ਨਾਲ 162 ਆਦਮੀ ਮਾਰੇ ਗਏ ਅਤੇ 325 ਬੁਰੀ ਤਰ੍ਹਾਂ ਜ਼ਖਮੀ ਹੋਏ। ਇੰਡੋਨੇਸ਼ੀਆ ਦੇ ਇਤਿਹਾਸ ਵਿਚ ਇਹ ਹਾਦਸਾ ਸਭ ਤੋਂ ਭਿਆਨਕ ਹਾਦਸਾ ਸੀ।

ਸੋਮਵਾਰ ਹੋਏ ਇਸ ਹਾਦਸੇ ਸਮੇਂ ਦੋਵੇਂ ਰੇਲਗੱਡੀਆਂ ਆਹਮੋ ਸਾਹਮਣੇ ਟਕਰਾ ਗਈਆਂ।

## ਸਤਲੁਜ ਪੁਲ ਲਾਗੋਂ ਫੌਜੀ ਦੀ ਲਾਸ਼ ਮਿਲੀ

ਪੁਲਸ ਨੇ ਫਿਲੌਰ ਨੇੜੇ ਸਤਲੁਜ ਦੇ ਪੁਲ ਲਾਗੋਂ ਦਰਿਆ ਵਿਚੋਂ ਇਕ ਫੌਜੀ ਜਵਾਨ ਦੀ ਲਾਸ਼ ਬਰਾਮਦ ਕੀਤੀ ਹੈ। ਮ੍ਰਿਤਕ ਦੀ ਜਾਮਾ ਤਲਾਸ਼ੀ ਲੈਣ ਤੋਂ ਪਤਾ ਚਲਿਆ ਕਿ ਉਸਦਾ ਨਾਂ ਜਵਾਹਰ ਸਿੰਘ ਹੈ। ਪੁਲਸ ਦਾ ਵਿਚਾਰ ਹੈ ਕਿ ਉਹ ਰਾਤ ਨੂੰ ਚਲਦੀ ਰੇਲ ਗੱਡੀ ਵਿਚੋਂ ਪੁਲ ਨੇੜੇ ਡਿੱਗ ਪਿਆ ਹੋਏਗਾ।

The Manitoba Mirror
ਮੈਨੀਟੋਬਾ ਦਰਪਣ

Dino's at the New Location
ਡੀਨੋਜ਼ ਨਵੀਂ ਥਾਂ ਉਤੇ

DINO'S GROCERY MART

460 NOTRE DAME AVE. WINNIPEG, MAN. R3B 1R5

Ph. 942-1526

ਵਿੰਨੀਪੇਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ

ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

● ਈਸਟ ਇੰਡੀਅਨ ਗਰੌਸਰੀ ● ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ ● ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
● ਤਾਜ਼ਾ ਸਬਜ਼ੀਆਂ ● ਤਾਜ਼ਾ ਬੱਕਰੇ ਦਾ ਮੀਟ ● ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ੍ਰੀਦਣ ਉਤੇ ਡਿਸਕਾਊਂਟ ● ਵਿੰਨੀਪੇਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ ● ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ
ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"

GIL'S NEW & USED

Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

WE BUY SELL TRADE

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ੍ਰੀਦਣ ਲਈ ਮਿਲੋ ਜਾਂ ਫੋਨ ਕਰੋ :

582-8726

121 SALTER STREET WINNIPEG, MAN.

REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ

ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ



ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

# ਕਾਮਨਵੈਲਥ ਕਾਨਫਰੰਸ ਅਤੇ ਸੰਬੰਧਿਤ ਮੀਟਿੰਗਾਂ

**ਸੁਰਜੀ ਅਮਰਜੀਤ**

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ 13 ਅਕਤੂਬਰ ਤੋਂ 17 ਅਕਤੂਬਰ ਤੱਕ ਹੋਈ 49 ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਸਮਾਪਤ ਹੋ ਚੁੱਕੀ ਹੈ। ਕਾਮਨਵੈਲਥ ਇੰਗਲੈਂਡ ਸਮੇਤ ਉਨ੍ਹਾਂ ਦੇਸ਼ਾਂ ਦਾ ਇਕ ਮੰਡਲ ਹੈ, ਜੋ ਕਦੀ ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਰਾਜ ਦੇ ਹੇਠ ਗੁਲਾਮ ਰਹੇ ਹਨ। ਇਨ੍ਹਾਂ ਦੇਸ਼ਾਂ ਦੇ ਆਪਸੀ ਵਪਾਰਕ ਸੰਬੰਧਾਂ ਤੋਂ ਬਿਨਾਂ, ਕੁਝ ਰਾਜਨੀਤਕ, ਸਮਾਜੀ ਅਤੇ ਪਰਸਪਰ ਦਿਲਚਸਪੀ ਦੇ ਵਿਸ਼ੇ ਸਮੇਂ ਸਮੇਂ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਇਹ ਕਾਨਫਰੰਸ ਹਰ ਦੋ ਸਾਲੀਂ ਹੁੰਦੀ ਹੈ। ਇਹ 49 ਦੇਸ਼ ਲਗਪਗ ਸੰਸਾਰ ਦੇ ਦੇਸ਼ਾਂ ਦਾ ਇਕ ਤਿਮਾਹੀ ਹਨ ਅਤੇ ਵਸੋਂ ਦਾ ਚੌਥਾ ਹਿਸਾ ਆਪਣੇ ਘੇਰੇ ਵਿਚ ਲੈਂਦੇ ਹਨ।

ਵੈਨਕੂਵਰ ਵਿਚ ਹੋਈ ਇਸ ਕਾਨਫਰੰਸ ਵਿਚ ਮੁੱਖ ਵਿਸ਼ਾ 'ਦੱਖਣੀ ਅਫਰੀਕਾ ਦੇ ਨਸਲੀ ਭੇਦ ਭਾਵ ਦੇ ਰਾਜ' ਨੂੰ ਖਤਮ ਕਰਨ ਲਈ ਉਥੋਂ ਦੇ ਗੋਰੇ ਨਸਲਵਾਦੀ ਹਾਕਮਾਂ ਉਪਰ ਦਬਾਓ ਪਾਉਣ ਦਾ ਸੀ। ਪਰ ਇਸ ਤੋਂ ਬਿਨਾਂ ਫਿਜ਼ੀ ਅਤੇ ਸ੍ਰੀ ਲੰਕਾ ਦੇ ਵਿਚ ਦੇ ਨਸਲੀ ਸਵਾਲ ਵੀ ਸਨ ਜਿਨ੍ਹਾਂ ਨਾਲ ਭਾਰਤ ਦਾ ਨੇੜੇ ਦਾ ਸਬੰਧ ਹੈ। ਇਸ ਤੋਂ ਬਿਨਾਂ ਨਵੀਂ ਤਕਨੀਕੀ ਪੜ੍ਹਾਈ ਅਤੇ ਆਰਥਕ ਸਹਿਯੋਗ ਆਦਿ ਮਸਲੇ ਵੀ ਵਿਚਾਰ ਅਧੀਨ ਆਏ। ਇਨ੍ਹਾਂ ਵਿਸ਼ਿਆਂ ਸੰਬੰਧੀ ਕਾਮਨਵੈਲਥ ਦੇਸ਼ਾਂ ਦੀਆਂ ਹੋਈਆਂ ਮੀਟਿੰਗਾਂ ਦੀ ਰੌਸ਼ਨੀ ਵਿਚ ਅਸੀਂ ਇਥੇ ਵਿਚਾਰ ਕਰਨਾ ਚਾਹਾਂਗੇ।

## ਦੱਖਣੀ ਅਫਰੀਕਾ

ਸਾਰੇ ਸੰਸਾਰ ਵਿਚ ਦੱਖਣੀ ਅਫਰੀਕਾ ਇਕੋ ਇਕ ਅਜਿਹਾ ਦੇਸ਼ ਹੈ ਜਿਥੇ ਪੰਜਾਹ ਲੱਖ ਗੋਰੀ ਆਬਾਦੀ, ਢਾਈਕਰੋੜ ਕਾਲੇ ਲੋਕਾਂ ਨੂੰ ਸਭੇ ਜਮਹੂਰੀ, ਸਮਾਜੀ, ਬਰਾਬਰਤਾ ਵਾਲੇ ਅਤੇ ਰਾਜਨੀਤਕ ਅਧਿਕਾਰਾਂ ਤੋਂ ਬਾਂਝੇ ਰੱਖ ਕੇ ਘਟੀਆ ਦਰਜੇ ਦੇ ਵਸਨੀਕਾਂ ਦਾ ਜੀਵਨ ਜੀਣ ਉਪਰ ਮਜ਼ਬੂਰ ਕਰ ਰਹੀ ਹੈ। ਕਾਲੇ ਲੋਕ, ਜੋ ਦੇਸ਼ ਦੇ ਮਾਲਕ ਹਨ, ਆਪਣੇ ਦੇਸ਼ ਵਿਚ ਗੁਲਾਮ-ਕੈਦੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜਦੋਂ ਉਹ ਹੁਣ ਆਪਣੇ ਬਰਾਬਰਤਾ ਦੇ ਹੱਕਾਂ ਲਈ ਸੰਘਰਸ਼ ਦੇ ਰਾਹ ਤੁਰ ਪਏ ਹਨ ਤਾਂ ਗੋਰੀ ਸਰਕਾਰ ਸਗਵਾਂ ਦਮਨ ਚੱਕਰ ਤੇਜ਼ ਕਰ ਰਹੀ ਹੈ। ਦੱਖਣੀ ਅਫਰੀਕਾ ਦੇ ਲੋਕਾਂ ਦਾ ਆਗੂ ਨੈਲਸਨ ਮੰਡੇਲਾ ਪਿਛਲੇ 25 ਸਾਲਾਂ ਤੋਂ ਕੈਦ ਵਿਚ ਸੁਟਿਆ ਹੋਇਆ ਹੈ, ਹੋਰ ਅਨੇਕਾਂ ਰਾਜਨੀਤਕ ਕੈਦੀ ਵੀ ਉਸ ਸਮੇਂ ਤੋਂ ਹੀ ਜੇਲ੍ਹਾਂ ਵਿਚ ਹਨ।

ਅੱਜ ਸਾਰੇ ਸੰਸਾਰ ਦੇ ਲੋਕ ਇਕ ਆਵਾਜ਼ ਹੋ ਕੇ ਇਸ ਗੈਰ ਇਨਸਾਨੀ ਨਸਲੀ ਭੇਦ-ਭਾਵ ਦੇ ਰਾਜ ਪ੍ਰਬੰਧ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਯੂ. ਐਨ. ਓ. ਵਲੋਂ ਮਤੇ ਪਾਸ ਕੀਤੇ ਗਏ ਹਨ ਕਿ ਇਸ ਗੈਰ ਮਨੁੱਖੀ ਰਾਜ ਨੂੰ ਖਤਮ ਕਰਕੇ ਸਭਨਾਂ ਲੋਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਜਾਣ। ਹਰ ਇਕ ਨੂੰ ਵੋਟ ਦਾ ਹੱਕ ਦਿਤਾ ਜਾਵੇ। ਪਰ ਨਸਲਵਾਦੀ ਸਰਕਾਰ ਅਮਰੀਕਾ ਅਤੇ ਇੰਗਲੈਂਡ ਦੀ ਸਹਾਇਤਾ ਨਾਲ ਨਸਲੀ ਰਾਜ ਪ੍ਰਬੰਧ ਨੂੰ ਕਾਇਮ ਰਖਦੀ ਹੋਈ, ਇਸ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜੇਲ੍ਹਾਂ ਵਿਚ ਲੰਮੀਆਂ ਕੈਦਾਂ ਕਰਕੇ ਬੰਦ ਕਰ ਰਹੀ ਹੈ।

ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਜਦੋਂ ਅਪੀਲਾਂ ਨੂੰ ਅਣਸੁਣਿਆ ਕਰ ਰਹੀ ਹੈ ਤਾਂ ਇਸ ਨੂੰ ਨਸਲਵਾਦੀ ਪ੍ਰਬੰਧ ਦੇ ਖਤਮ ਕਰਨ ਲਈ ਦਬਾਓ ਪਾਉਣ ਵਹਸਤੇ ਇਹ ਰਾਹ ਕੱਢਿਆ ਗਿਆ ਕਿ ਉਸ ਦੇ ਨਾਲ ਸਾਰੇ ਦੇਸ਼ ਆਪਣਾ ਵਪਾਰ ਬੰਦ ਕਰ ਦੇਣ। ਇਸ ਤਰ੍ਹਾ ਬਹੁਤ ਸਾਰੇ ਦੇਸ਼ਾਂ ਖਾਸ ਕਰਕੇ ਭਾਰਤ, ਸੋਵੀਅਤ ਯੂਨੀਅਨ, ਚੀਨ ਅਤੇ ਹੋਰ ਸਮਾਜਵਾਦੀ ਅਤੇ ਅਫਰੀਕੀ ਮਹਾਂਦੀਪ ਦੇ ਦੇਸ਼ ਤਾਂ ਮੁਕੰਮਲ ਤੌਰ ਉਪਰ, ਉਸ ਦਾ ਆਰਥਕ-ਵਪਾਰਕ ਬਾਈਕਾਟ ਕਰ ਰਹੇ ਹਨ। ਕੁਝ ਦੇਸ਼ਾਂ ਜਿਵੇਂ ਕੈਨੇਡਾ, ਆਸਟਰੇਲੀਆ, ਨੀਊਜ਼ੀਲੈਂਡ ਅਤੇ ਹੋਰਾਂ ਕਈਆਂ ਨੇ ਅੱਧਾ ਜਾਂ ਅੱਧ ਤੋਂ ਵੱਧ ਆਰਥਕ ਬਾਈਕਾਟ ਕਰ ਰੱਖਿਆ ਹੈ।

ਇੰਗਲੈਂਡ ਅਤੇ ਅਮਰੀਕਾ ਕੋਈ ਵੀਹ ਅਰਬ ਤੋਂ ਵੱਧ ਦਾ ਸਾਲਾਨਾ ਵਪਾਰ ਦੱਖਣੀ ਅਫਰੀਕਾ ਨਾਲ ਕਰ ਰਹੇ ਹਨ। ਪਰ ਅਸੀਂ ਇਥੇ ਇੰਗਲੈਂਡ ਦੀ ਹੀ ਗੱਲ ਕਰ ਰਹੇ ਹਾਂ ਕਿਉਂਕਿ ਉਹ ਕਾਮਨਵੈਲਥ ਦਾ ਮੁੱਢਲਾ ਮੈਂਬਰ ਹੈ। ਇਹ ਬਾਈਕਾਟ ਦੇ ਵਿਰੁਧ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਅਜਿਹਾ ਕਰਨ ਨਾਲ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੋਵੇਗਾ। ਜਦੋਂ ਕਿ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀ ਮੁਖ ਪ੍ਰਤੀਨਿਧ ਜੱਥੇਬੰਦੀ **ਅਫਰੀਕਨ ਨੈਸ਼ਨਲ ਕਾਂਗਰਸ** ਅਤੇ ਸਾਂਝਾ ਜਮਹੂਰੀ ਫਰੰਟ ਇਹ ਜ਼ੋਰਦਾਰ ਮੰਗ ਕਰ ਰਹੇ ਹਨ ਕਿ ਆਰਥਕ ਪਾਬੰਦੀਆਂ ਲਾਈਆਂ ਜਾਣ। ਉਹ ਕਹਿ ਰਹੇ ਹਨ ਕਿ ਅਸੀਂ ਜਿਥੇ ਅਗੇ ਦੁੱਖ ਭਰ ਰਹੇ ਹਾਂ, ਉਥੇ ਅਸੀਂ ਹੋਰ ਕਸ਼ਟ ਝੱਲਣ ਲਈ ਤਿਆਰ ਹਾਂ। ਪਰ ਇਹ ਦੋਵੇਂ ਦੇਸ਼ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਦਾ ਵਾਵੇਲਾ ਪਾ ਰਹੇ ਹਨ।

ਕਾਮਨਵੈਲਥ ਦੇਸ਼ਾਂ ਦੀ ਇਸ ਵੈਨਕੂਵਰ ਮੀਟਿੰਗ ਵਿਚ ਇਸ ਸਵਾਲ ਨੂੰ, ਮੇਜ਼ਵਾਨ ਦੇਸ਼ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਾਨਫਰੰਸ ਨੂੰ ਆਰੰਭ ਕਰਦਿਆਂ ਜ਼ੋਰਦਾਰ ਸ਼ਬਦਾਂ ਵਿਚ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਦਾ ਸੁਝਾ ਦਿੱਤਾ, ਜਿਸ ਨਾਲ 48 ਦੇਸ਼ ਪੂਰੀ ਤਰ੍ਹਾਂ ਸਹਿਮਤ ਹੋ ਗਏ, ਪਰ ਇਕੱਲੀ ਇੰਗਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਆਪਣੀ ਰਵਾਇਤੀ ਜ਼ਿੱਦੀ ਸੁਭਾਓ ਦਾ ਵਿਖਾਵਾ ਕਰਦੀ ਹੋਈ 'ਮੈਂ ਨਾ ਮਾਨੂੰ' ਦੀ ਮੁਹਾਰਨੀ ਦੀ ਰਟ ਲਾਈ ਗਈ। ਉਸ ਦੇ ਇਸ ਤਰ੍ਹਾਂ ਦੇ ਗਲਤ ਵਤੀਰੇ ਦੀ ਭਾਵੇਂ ਸਭਨਾਂ ਦੇਸ਼ਾਂ ਦੇ ਮੁਖੀਆਂ ਨੇ ਨੁਕਤਾਚੀਨੀ ਕੀਤੀ, ਪਰ ਜ਼ੈਂਬਾਵੇ ਦੇ ਪ੍ਰਧਾਨ ਮੰਤਰੀ ਸ੍ਰੀ ਮੁਗਾਬੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇੰਗਲੈਂਡ ਦੀ ਪ੍ਰਧਾਨ ਮੰਤਰੀ ਨੂੰ ਪੂਰਾ ਹੱਕ ਹੈ ਕਿ ਉਹ ਜਾਣਦੀ ਬੁਝਦੀ ਹੋਈ ਗਲਤੀ ਕਰੇ। ਪਰ ਇਹ ਇਮਾਨਦਾਰਾਨਾ ਸਟੈਂਡ ਨਹੀਂ ਹੈ। ਇਹ ਇੰਗਲੈਂਡ ਦੇ ਵਪਾਰਕ ਮੁਨਾਫੇ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸੁਆਰਥੀ ਸਟੈਂਡ ਹੈ। ਸ੍ਰੀਮਤੀ ਥੈਚਰ ਆਪਣੇ ਅਜਿਹੇ ਵਤੀਰੇ ਦਾ ਵਿਖਾਵਾ ਕਰਕੇ ਇੰਗਲੈਂਡ ਦੇ ਲੋਕਾਂ ਦੀ ਵੋਟ ਤਾਂ ਲੈ ਸਕਦੀ ਹੈ, ਪਰ ਸਾਡੇ ਵੋਟ ਨਹੀਂ। ਇਸ ਤਰ੍ਹਾਂ ਹੀ ਜ਼ਾਂਬੀਆਂ ਦੇ ਸ੍ਰੀ ਕੌਂਡਾ ਨੇ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਭਾਰਤ ਦੇ ਪ੍ਰਧੰਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਇੰਗਲੈਂਡ ਨਾਲ ਬਹਿਸ ਕਰਕੇ ਸਮਾਂ ਬਰਬਾਦ ਕਰਨ ਦੀ ਕੋਈ ਲੋੜ ਨਹੀਂ ਹੈ।

ਕੈਨੇਡਾ ਦਾ ਇਸ ਮਸਲੇ ਉਪਰ ਸਟੈਂਡ ਬੜਾ ਹੀ ਸ਼ਾਨਦਾਰ ਰਿਹਾ, ਜਿਸ ਦੀ ਹਰ ਇਕ ਨੇ ਸਰਾਹਨਾ ਕੀਤੀ ਹੈ। ਬਦੇਸ਼ ਮੰਤਰੀ ਸ੍ਰੀ ਜੋਅ ਕਲਾਰਕ ਨੇ ਕਿਹਾ ਕਿ ਜੋ ਇਹ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਲਾਈਆਂ ਆਰਥਕ ਪਾਬੰਦੀਆਂ ਦਾ ਦੱਖਣੀ ਅਫਰੀਕਾ ਉਪਰ ਕੋਈ ਅਸਰ ਨਹੀਂ ਹੋਇਆ, ਇਹ ਬਿਲਕੁਲ ਗਲਤ ਹੈ। ਇਨ੍ਹਾਂ ਪਾਬੰਦੀਆਂ ਦੇ ਅਸਰ ਬਾਰੇ ਤਾਂ ਦੱਖਣੀ ਅਫਰੀਕਾ ਦੇ ਇਕ ਮੰਤਰੀ ਨੇ ਇਕਬਾਲ ਕੀਤਾ ਹੈ ਕਿ ਇਸ ਦਾ ਅਸਰ ਹੋ ਰਿਹਾ ਹੈ। ਸ੍ਰੀ ਕਲਾਰਕ ਨੇ ਕਿਹਾ ਕਿ 48 ਦੇਸ਼ਾਂ ਦੇ ਸਮੁੱਚੇ ਆਰਥਕ ਵਪਾਰ ਨਾਲੋਂ ਕਿਤੇ ਵੱਧ ਇਕੱਲਾ ਇੰਗਲੈਂਡ ਹੀ ਦੱਖਣੀ ਅਫਰੀਕਾ ਨਾਲ ਵਪਾਰ ਕਰਦਾ ਹੈ। ਇਸ ਲਈ ਜੇ ਕਰ ਇੰਗਲੈਂਡ ਆਰਥਕ ਬਾਈਕਾਟ ਕਰੇ ਤਾਂ ਅਸਰ ਛੇਤੀ ਹੀ ਹੋ ਜਾਵੇਗਾ। ਇਨ੍ਹਾਂ ਪਾਬੰਦੀਆਂ ਦਾ ਅਸਰ ਏਸੇ ਲਈ ਨਹੀਂ ਹੋ ਰਿਹਾ ਕਿ ਇੰਗਲੈਂਡ ਪਾਬੰਦੀਆਂ ਨਹੀਂ ਲਾ ਰਿਹਾ ਹੈ।

ਉੜਕ ਇਕ ਅੱਠ ਮੈਂਬਰੀ ਕਮੇਟੀ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਬਾਰੇ ਸਲਾਹ ਮਸ਼ਵਰਾ ਕਰਨ ਲਈ, ਬਣਾਈ ਗਈ ਹੈ। ਕੈਨੇਡਾ ਉਸ ਦਾ ਚੇਅਰਮੈਨ ਹੈ।

ਇਸ ਤਰ੍ਹਾਂ ਇੰਗਲੈਂਡ ਦੀ ਇਕ ਵੱਡੀ ਰਾਜਨੀਤਕ ਹਾਰ ਹੋਣ ਦੇ ਨਾਲ, ਉਹ ਬਾਕੀ ਕਾਮਨਵੈਲਥ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੀ ਨਜ਼ਰ ਵਿਚ ਉਸ ਦੀ ਖੁਦਗਰਜ਼ੀ ਵਾਲੀ ਪਤਲੀ ਹਾਲਤ ਉਭਰ ਕੇ ਸਾਹਮਣੇ ਆ ਗਈ ਹੈ। ਇਹੋ ਹੀ ਨਹੀਂ ਬਾਕੀ ਸੰਸਾਰ ਦੇ ਲੋਕਾਂ ਉਪਰ ਵੀ ਇਸ ਦਾ ਅਰ ਲਾਜ਼ਮੀ ਪਵੇਗਾ। ਭਾਵੇਂ ਕਿ ਕਾਨਫਰੰਸ ਦੇ ਅੰਤ ਉਪਰ ਸ੍ਰੀਮਤੀ ਥੈਚਰ ਨੇ ਢੀਠਾਂ ਵਾਂਗੂੰ ਫੜ ਮਾਰ ਦਿੱਤੀ ਕਿ ਇੰਗਲੈਂਡ ਦੀ ਵੱਡੀ ਜਿੱਤ ਹੋਈ ਹੈ। ਕੋਈ ਨਵੀਆਂ ਪਾਬੰਦੀਆਂ ਨਹੀਂ ਲਾਈਆਂ ਗਈਆਂ। ਜਦੋਂ ਕਿ ਨਵੀਆਂ ਪਾਬੰਦੀਆਂ ਲਾਉਣ ਲਈ ਅੱਠ ਮੈਂਬਰੀ ਕਮੇਟੀ ਕਾਇਮ ਹੋ ਚੁਕੀ ਹੈ, ਇੰਗਲੈਂਡ ਉਸ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ।

ਅਖਬਾਰਾਂ, ਰੇਡੀਓ ਅਤੇ ਟੈਲੀਵੀਜ਼ਨ ਨੇ ਖਬਰਾਂ ਦੁਆਰਾ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਦੱਖਣੀ ਅਫਰੀਕਾ ਦੇ ਮਸਲੇ ਉਪਰ ਕਾਮਨਵੈਲਥ ਦੇਸ਼ ਵੰਡੇ ਗਏ, ਪਰ ਵੰਡ ਤਾਂ ਤਦ ਹੁੰਦੀ ਜੇਕਰ ਕੁਝ ਦੇਸ਼ ਇਕ ਪਾਸੇ, ਕੁਝ ਦੂਜੇ ਪਾਸੇ ਹੁੰਦੇ, ਹੁਣ ਤਾਂ ਇੰਗਲੈਂਡ ਇਕੱਲਾ ਨਿਖੜ ਗਿਆ ਹੈ ਕਿ ਉਹ ਨਸਲਵਾਦੀ ਅਫਰੀਕਾ ਦੀ ਨੀਤੀ ਨੂੰ ਕਾਇਮ ਰਖਣ ਵਿਚ ਸਹਾਈ ਹੋ ਰਿਹਾ ਹੈ।

## ਫਿਜ਼ੀ ਦਾ ਸਵਾਲ

ਜਿਵੇਂ ਕਿ ਪਤਾ ਹੀ ਹੈ ਕਿ ਫਿਜ਼ੀ ਵਿਚ ਇਸ ਸਾਲ ਦੇ ਸ਼ੁਰੂ ਵਿਚ ਹੋਈਆਂ ਚੋਣਾਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਪਾਰਟੀ ਜਿੱਤ ਗਈ ਸੀ, ਜਿਸ ਵਿਚ 20 ਫੀਸਦੀ ਫਿਜ਼ੀਅਨ ਮਿਲਾਏਨੇਸ਼ੀਅਨ ਲੋਕ ਵੀ ਸ਼ਾਮਲ ਸਨ। ਕਿਉਂਕਿ ਇਹ ਜੇਤੂ ਪਾਰਟੀ ਖੱਬੇ ਪੱਖੀ ਵਿਚਾਰਾਂ ਦੀ ਪਾਰਟੀ ਸੀ ਇਸ ਲਈ ਅਮਰੀਕੀ ਸਾਮਰਾਜ ਦੇ ਅਸ਼ੀਰਵਾਦ ਨਾਲ ਫੌਜੀ ਰਾਜ ਪਲਟਾ ਕਰਵਾ ਕੇ ਉਥੇ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ ਗਈ ਹੈ। ਇਸ ਇਸ ਉਪਰ ਕਿਸੇ ਸਾਮਰਾਜੀ ਦੇਸ਼ ਅਤੇ ਉਨ੍ਹਾਂ ਦੇ ਪਿਠੂਆਂ ਨੂੰ ਤਕਲੀਫ ਨਹੀਂ ਹੋਈ ਕਿ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਉਲਟਾ ਦਿੱਤਾ ਗਿਆ ਹੈ। ਇਹੋ ਨਹੀਂ ਉਨ੍ਹਾਂ ਦੇ ਬਰਾਬਰਤਾ ਦੇ ਹੱਕ ਖੋਹ ਲਏ ਗਏ ਹਨ। ਇਹ ਤਕਲੀਫ ਇਸ ਕਰਕੇ ਨਹੀਂ ਹੋਈ ਕਿ ਇਹ ਚੁਣੀ ਹੋਈ ਸਰਕਾਰ ਆਮ ਲੋਕਾਂ ਦੇ ਹਿੱਤਾਂ ਲਈ ਕੁਝ ਖੱਬੇ ਪੱਖੀ ਨੀਤੀਆਂ ਤੇ ਅਮਲ ਕਰਨਾ ਚਾਹੁੰਦੀ ਸੀ। ਇਸ ਲਈ ਫੌਜੀ ਰਾਬੂਕਾ ਤੋਂ ਰਾਜਪਲਟਾ ਕਰਵਾ ਦਿੱਤਾ ਗਿਆ।

ਕਾਮਨਵੈਲਥ ਦੇਸ਼ਾਂ ਵਿਚ ਸ੍ਰੀਮਤੀ ਥੈਚਰ ਦੀ ਸੁਰ ਫਿਰ ਡਿਕਟੇਟਰ ਫੌਜੀ ਰਾਬੂਕਾ ਦੇ ਪੱਖ ਵਿਚ ਆ ਰਹੀ ਸੀ ਕਿ ਉਸ ਨੂੰ ਕਾਮਨਵੈਲਥ ਦਾ ਮੈਂਬਰ ਬਣਾਈ ਰੱਖਣਾ ਚਾਹੀਦਾ ਹੈ। ਇਸ ਦੇ ਉਲਟ ਕਾਮਨਵੈਲਥ ਦੇਸ਼ਾਂ ਨੇ ਫਿਜ਼ੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਹੈ, ਇੰਗਲੈਂਡ ਨੂੰ ਇਥੇ ਉਨ੍ਹਾਂ ਦੇ ਨਾਲ ਸਹਿਮਤ ਹੋਣਾ ਪਿਆ ਹੈ।

ਇਹ ਮਨੁੱਖੀ ਅਧਿਕਾਰਾਂ ਦੇ ਵੱਡੇ ਚਹੇਤੇ ਪੂਰੇ ਜ਼ੋਰ ਸ਼ੋਰ ਨਾਲ ਫਿਜ਼ੀ ਦੇ ਡਿਕਟੇਟਰ ਦੇ ਨਸਲਵਾਦੀ ਕਦਮ ਦੀ ਨਿਖੇਧੀ ਵੀ ਨਹੀਂ ਕਰ ਸਕੇ।

## ਸ੍ਰੀ ਲੰਕਾ ਦਾ ਸਵਾਲ

ਸ੍ਰੀਲੰਕਾ ਵਿਚ ਤਾਮਲ ਲੋਕਾਂ ਦੀਆਂ ਆਪਣੀਆਂ ਹੱਕੀ ਮੰਗਾਂ ਲਈ ਜੋ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਉਸ ਦਾ ਅੰਤ ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਈ ਅਮਨ ਸੰਧੀ ਨਾਲ ਹੋ ਗਿਆ ਸੀ। ਪਰ ਤਾਮਿਲ ਟੈਗਰ ਨਾਂ ਦੀ ਗੁਰੀਲਾ ਜਥੇਬੰਦੀ ਨੇ ਇਸ ਉਪਰ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਇਹ ਕਤਲੋਗਾਰਤ ਬੰਦ ਹੋ ਕੇ ਮੁੜ ਤੋਂ ਸ਼ੁਰੂ ਹੋ ਗਈ। ਤਾਮਿਲ ਟੈਗਰਾਂ ਨੇ ਹਥਿਆਰ ਸੁਟਣ ਤੋਂ ਇਨਕਾਰ ਕਰਕੇ, ਹੋਏ ਸਮਝੌਤੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਉਪਰ ਭਾਰਤੀ ਸ਼ਾਂਤੀ-ਸੈਨਾ ਨੂੰ ਸਖਤ ਕਦਮ ਚੁੱਕਣਾ ਪਿਆ ਹੈ। ਇਸ ਝਗੜੇ ਦਾ ਕਾਰਨ ਭਾਵੇਂ ਹੱਕੀ ਸੀ। ਪਰ ਹੁਣ ਜਦੋਂ ਕਿ ਸਮਝੌਤਾ ਹੋ ਚੁਕਿਆ ਹੈ ਅਤੇ ਜਿਸ ਨੂੰ ਸ੍ਰੀਲੰਕਾ ਦੀ ਸਰਕਾਰ ਮੰਨਣ ਲਈ ਤਿਆਰ ਹੈ, ਪਰ ਸਾਮਰਾਜੀ ਏਜੰਸੀਆਂ ਦੇ ਇਸ਼ਾਰੇ ਉਪਰ ਤਾਮਲ ਟੈਗਰਾਂ ਦਾ ਇਕ ਧੜਾ ਉਸ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦਾ ਹੈ।

ਇਸ ਝਗੜੇ ਦੇ ਕਾਰਨ ਸ੍ਰੀ ਲੰਕਾ ਦਾ ਪ੍ਰਧਾਨ ਜੈਵਰਧਨੇ ਕਾਮਨਵੈਲਥ ਕਾਨਫਰੰਸ ਵਿਚ ਹਾਜ਼ਰ ਨਹੀਂ ਹੋ ਸਕਿਆ। ਪ੍ਰੰਤੂ ਉਨ੍ਹਾਂ ਇਕ ਸੁਨੇਹੇ ਵਿਚ ਅਮਨ ਸਮਝੌਤੇ ਦੀ ਪ੍ਰਸੰਸਾ ਕੀਤੀ ਅਤੇ ਭਾਰਤ ਦੀ ਇਸ ਲਈ ਸਰਾਹਨਾ ਕਰਦਿਆਂ, ਉਨ੍ਹਾਂ ਕਾਨਫਰੰਸ ਦੇ ਨਾਂ ਇਕ ਸੁਨੇਹੇ ਵਿਚ ਇਸ ਨੂੰ ਕਾਮਨਵੈਲਥ ਦੀ ਜਿੱਤ ਕਰਾਰ ਦਿੱਤਾ ਹੈ।

## ਖਾਲਿਸਤਾਨੀਆਂ ਦਾ ਜਲੂਸ

12 ਅਕਤੂਬਰ ਨੂੰ ਵੈਨਕੂਵਰ ਦੇ ਖਾਲਿਸਤਾਨੀਆਂ ਹਜ਼ਾਰਾਂ ਡਾਲਰਾਂ ਦੀ ਇਸ਼ਤਿਹਾਰਬਾਜ਼ੀ ਕਰਕੇ ਇਕ ਮੁਜ਼ਾਹਰਾ ਭਾਰਤ ਦੇ ਪ੍ਰਧਾਨ

(ਬਾਕੀ ਪੰਨਾ 12 'ਤੇ)

**ਪ੍ਰਿੰਸ ਰੂਪਰਟ ਵਿਚ**
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ
**ਮੋਨੀਕਾ ਵੀਡੀਓ**
ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ
**ਫੋਨ ਕਰੋ : ਪਾਲ ਮੋਦਗਿੱਲ**
**627-1637**

**Success Through Service & Experience**
AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971
**For Professional Market Evaluation or Consultation**
Without any obligation, contact
Buying, Selling or Trading
ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ
**Ph. Bus: 437-9431 Res: 434-4660**
**UNITED REALTY LTD.**
2443 Kingsway, Vancouver, B.C. V5R 5G8

Ajaib S. Janda

(ਪੰਨਾ 11 ਦੀ ਬਾਕੀ)

ਮੰਤਰੀ ਰਾਜੀਵ ਗਾਂਧੀ ਦੇ ਵਿਰੁਧ, ਖਾਲਿਸਤਾਨ ਦੀ ਮੰਗ ਕਰਨ ਲਈ ਕੀਤਾ । ਵੈਨਕੂਵਰ 'ਸਨ' ਅਤੇ ਗਲੋਬ ਐਂਡ ਮੇਲ ਵਿਚ ਦਿੱਤੇ ਇਸ਼ਤਿਹਾਰ ਦਸ ਹਜ਼ਾਰ ਡਾਲਰ ਤੋਂ ਘੱਟ ਨਹੀਂ ਹਨ। ਹੋਰ ਬਾਕੀ ਪ੍ਰਬੰਧ ਅਤੇ ਖਰਚ ਵੀ ਦਸ ਹਜ਼ਾਰ ਤੋਂ ਘੱਟ ਨਹੀਂ ਹੋਵੇਗਾ, ਇਸ ਤਰ੍ਹਾਂ ਜੇ ਘੱਟੋ ਘੱਟ 20 ਹਜ਼ਾਰ ਡਾਲਰ ਵੀ ਖਰਚ ਦਾ ਅਨੁਮਾਨ ਲਾਈਏ ਤਾਂ ਇਕ ਹਜ਼ਾਰ ਹਾਜ਼ਰ ਲੋਕਾਂ ਨੂੰ ਲਿਆਉਣ ਲਈ 20 ਡਾਲਰ ਜੀਅ ਪ੍ਰਤੀ ਖਰਚ ਆਇਆ ਹੈ। ਜਦੋਂ ਕਿ ਫੜ੍ਹ 20 ਹਜ਼ਾਰ ਲੋਕਾਂ ਦਾ ਇਕੱਠ ਕਰਨ ਦੀ ਮਾਰੀ ਸੀ। ਇਸ ਦਾ ਨਿਚੋੜ ਇਹ ਨਿਕਲਦਾ ਹੈ ਕਿ ਵੈਨਕੂਵਰ ਏਰੀਏ ਦੇ 80,000 ਲੋਕਾਂ ਵਿਚ ਇਨ੍ਹਾਂ ਕੁਝ ਨੂੰ ਛੱਡ ਕੇ ਬਾਕੀ ਲੋਕਾਂ ਨੇ ਖਾਲਿਸਤਾਨ ਦੀ ਮੰਗ ਨੂੰ ਠੁਕਰਾ ਦਿੱਤਾ ਹੈ।

ਇਸ ਖਾਲਿਸਤਾਨੀ ਜਲੂਸ ਤੋਂ ਪਹਿਲਾਂ ਜੋ ਰੈਲੀ ਕੀਤੀ ਗਈ ਉਸ ਵਿਚ ਕੋਈ ਦਲੀਲ ਵਾਲੀ ਗੱਲ ਪੇਸ਼ ਨਹੀਂ ਕੀਤੀ ਜਾ ਸਕੀ। ਸੰਸਾਰ ਭਰ ਦੇ ਮੀਡੀਏ ਨੂੰ ਕੁਝ ਵੀ ਪੱਲੇ ਨਹੀਂ ਪਿਆ ਨਾ ਹੀ ਉਹ ਇਸ ਤੋਂ ਪ੍ਰਭਾਵਤ ਹੀ ਹੋਏ। ਕਿਉਂਕਿ ਉਥੇ ਰਾਤ ਦੀਆਂ ਬੀ. ਬੀ. ਸੀ. ਦੀਆਂ ਖਬਰਾਂ ਨੇ, ਅਤੇ ਅਗਲੀ ਸਵੇਰ ਬੀ. ਬੀ. ਸੀ. ਦੀਆਂ ਹਿੰਦੀ ਅਤੇ ਉਰਦੂ ਖਬਰਾਂ ਵਿਚ ਇਸ ਦਾ ਜ਼ਿਕਰ ਤੱਕ ਨਹੀਂ ਕੀਤਾ।

ਇਹ ਮੁਜ਼ਾਹਰਾ ਰਾਜਨੀਤਕ ਸੇਧ ਤੋਂ ਸੱਖਣਾ, ਇਕ ਫਿਰਕੂ ਅਤੇ ਨਸਲਵਾਦੀ ਹੀ ਹੋ ਨਿਬੜਿਆ, ਜੋ ਕਿ ਇਹ ਆਪਣੇ ਖਾਸੇ ਅਤੇ ਬਣਤਰ ਦੇ ਪੱਖੋਂ ਹੈ ਹੀ। ਜੇਕਰ ਗੋਰੇ ਸਾਨੂੰ ਭਾਰਤੀਆਂ ਨੂੰ ਨਫਰਤ ਕਰਦੇ ਹਨ ਤਾਂ ਅਸੀਂ ਉਨ੍ਹਾਂ ਨੂੰ ਨਸਲਵਾਦੀ ਕਹਿੰਦੇ ਹਾਂ, ਜੇਕਰ ਇਹੋ ਕੁਝ ਸਿਖ, ਹਿੰਦੂਆਂ ਨੂੰ ਜਾਂ ਹਿੰਦੂ, ਸਿੱਖਾਂ ਬਾਰੇ ਨਫਰਤ ਪ੍ਰਗਟਾਉਣ ਤਾਂ ਉਹ ਵੀ ਨਸਲਵਾਦੀ ਹੀ ਕਹੇ ਜਾਣਗੇ। ਇਸ ਮੁਜ਼ਾਹਰੇ ਵਿਚ ਸਿਖ ਫਿਰਕਾਪ੍ਰਸਤੀ ਪੂਰੇ ਜੋਸ਼ ਨਾਲ ਹਿੰਦੂਆਂ ਦੇ ਵਿਰੁਧ ਮੁੜ੍ਹਕੋ ਮੁੜ੍ਹਕਾ ਹੋ ਰਹੀ ਸੀ। ਆਮ ਸਿੱਖਾਂ ਦਾ ਇਸ ਫਿਰਕਾਪ੍ਰਸਤ ਖਾਲਿਸਤਾਨੀਆਂ ਨਾਲ ਕੋਈ ਵੀ ਵਾਸਤਾ ਨਹੀਂ ਹੈ। ਇਹ ਜਲੂਸ ਖਾਲਿਸਤਾਨੀ ਲਹਿਰ ਦੇ ਨੀਵੇਂ ਲੱਖਣ ਦਾ ਹੀ ਇਕ ਸਬੂਤ ਸਾਬਤ ਹੋਇਆ ਹੈ।

## ਇਪਾਨਾ ਦੀ "ਕਾਮਨਵੈਲਥ" ਦਾ ਜਲਸਾ

ਨਕਸਲੀਆਂ ਦੇ ਇਕ ਫੈਕਸ਼ਨ ਦੀ ਜਥੇਬੰਦੀ ਇਪਾਨਾ ਨੇ ਵੈਨਕੂਵਰ ਵਿਖੇ ਵੱਖਵਾਦੀ, ਫਿਰਕੂ ਅਤੇ ਵੰਡਵਾਦੀ ਤੱਤਾਂ ਨੂੰ ਨਾਲ ਲੈ ਕੇ, ਘੱਟ ਗਿਣਤੀਆਂ ਦੀ ਰੱਖਿਆ ਅਤੇ ਰਾਜ ਸੱਤਾ ਦੇ ਕੇਂਦਰੀਕਰਨ ਦੇ ਨਾਂ ਉਤੇ ਜੋ "ਕਾਮਨਵੈਲਥ" ਦਾ ਜਲਸਾ ਕੀਤਾ, ਉਸ ਵਿਚੋਂ ਦਰਸ਼ਕਾਂ ਨੇ ਇਪਾਨਾ ਵਲੋਂ ਆਪਣੇ ਅਸੂਲਾਂ ਨੂੰ ਤਿਆਗ ਕੇ ਘਟੀਆ ਕਿਸਮ ਦੀ ਮੌਕਾਪ੍ਰਸਤੀ ਦਾ ਸਹਾਰਾ ਲੈਂਦੇ ਹੀ ਦੇਖਿਆ ਹੈ। ਇਪਾਨਾ ਦੇ ਮੁਖ ਮਹਿਮਾਨ ਸ਼ਹਾਬੋਦੀਨ ਬਾਰੇ "ਵੰਗਾਰ" ਵਿਚ ਜੋ ਲਿਖਿਆ ਕਿ ਉਹ ਧਰਮ ਨਿਰਪੱਖ ਹੈ ਅਤੇ ਧਰਮ ਤੇ ਰਾਜਨੀਤੀ ਨੂੰ ਵੱਖ ਵੱਖ ਸਮਝਦਾ ਹੈ, ਦਾ ਭਾਂਡਾ ਖੁਦ ਸ਼ਹਾਬੋਦੀਨ ਨੇ ਹੀ ਭੰਨ ਦਿੱਤਾ, ਜਿਸ ਜ਼ਬਰਦਸਤ ਫਿਰਕੂ ਸਪੀਚ ਵਿਚ ਐਲਾਨ ਕੀਤਾ ਕਿ ਉਹ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਸਮਝਦਾ ਹੈ। ਸਾਬਕਾ ਜੱਜ ਅਜੀਤ ਸਿੰਘ ਬੈਂਸ ਨੇ ਇਕ ਪਾਸੜ ਰੀਪੋਰਟ ਪੇਸ਼ ਕੀਤੀ, ਪਰ ਅਤਿਵਾਦੀਆਂ ਵਲੋਂ ਕੀਤੇ ਜਾਂਦੇ ਬੇਗੁਨਾਹਾਂ ਦੇ ਕਤਲਾਂ ਬਾਰੇ ਆਈ ਗਈ ਹੀ ਕਰ ਦਿੱਤੀ, ਇਕ ਜੱਜ ਨੂੰ ਨਿਰਪੱਖ ਰੀਪੋਰਟ ਪੇਸ਼ ਕਰਨੀ ਚਾਹੀਦੀ ਸੀ।

ਇਪਾਨਾ ਨੇ ਇਸ ਮੌਕੇ ਉਤੇ 'ਵੰਗਾਰ' ਦਾ ਪਰਚਾ ਕੱਢਿਆ, ਉਸ ਬਾਰੇ ਵਿਸਥਾਰ ਨਾਲ ਤਾਂ ਫਿਰ ਵਿਚਾਰਾਂਗੇ, ਪਰ ਉਸ ਨੇ ਖਾਲਿਸਤਾਨ ਦਾ ਟੇਢੇ ਢੰਗ ਨਾਲ ਸਮਰਥਨ ਵੀ ਕੀਤਾ ਅਤੇ ਮਲਵੀਂ ਜੀਭ ਨਾਲ ਅਸਹਿਮਤੀ ਵੀ ਪ੍ਰਗਟਾਈ ਹੈ। ਅਤਿਵਾਦੀਆਂ ਵਲੋਂ ਕੀਤੇ ਜਾਂਦੇ ਹਰ ਸਾਲ ਸੈਂਕੜੇ ਕਤਲਾਂ ਬਾਰੇ ਇਕ ਲਫਜ਼ ਨਹੀਂ ਕਿਹਾ ਜਿਵੇਂ ਬੇਗੁਨਾਹ ਮਾਰੇ ਜਾਂਦੇ ਲੋਕ ਇਨ੍ਹਾਂ ਦੇ 'ਮਨੁੱਖੀ ਅਧਿਕਾਰਾਂ' ਦੇ ਨਕਸਲੀ-ਸੰਕਲਪ ਦੇ ਘੇਰੇ ਵਿਚ ਨਾ ਆਉਂਦੇ ਹੋਣ। ਵੱਖਵਾਦੀ ਲਹਿਰਾਂ ਦਾ ਟੇਢੇ ਢੰਗ ਨਾਲ ਸਮਰਥਨ ਕੀਤਾ ਹੈ। ਵੱਡੇ ਵਿਰਦੇ ਦੀ ਹਿੰਦੂ ਫਿਰਕਾਪ੍ਰਸਤੀ ਦੇ ਵਿਰੁਧ, ਮੁਸਲਮ ਫਿਰਕਾਪ੍ਰਸਤੀ, ਸਿੱਖ ਫਿਰਕਾਪ੍ਰਸਤੀ, ਈਸਾਈ ਫਿਰਕਾਪ੍ਰਸ਼ਤੀ ਵਲੋਂ ਉਛਾਲੇ ਜਾਂਦੇ ਫਿਰਕੂ ਵਿਚਾਰਾਂ ਨੂੰ 'ਧਰਮ ਦੀ ਸੁਤੰਤਰਤਾ' ਦੇ ਨਾਂ ਉਤੇ ਦਰੁਸਤ ਠਹਿਰਾਇਆ ਹੈ। ਅਮਰੀਕੀ ਸਾਮਰਾਜ ਜੋ ਭਾਰਤ ਦੇ ਟੁਕੜੇ ਕਰਨਾ ਚਾਹੁੰਦਾ ਹੈ, ਜੋ ਟੇਢੇ ਵਿੰਗੇ ਢੰਗਾਂ ਨਾਲ ਹਰ ਵੱਖਵਾਦੀ ਲਹਿਰ ਦੇ ਪਿੱਛੇ ਹੈ, ਜਿਸ ਬਾਰੇ ਹੁਣ ਭਾਰਤ ਦੇ ਆਮ ਲੋਕਾਂ ਅਤੇ ਜਮਹੂਰੀ ਲਹਿਰ ਨੂੰ ਕੋਈ ਭੁਲੇਖਾ ਨਹੀਂ ਹੈ, ਬਾਰੇ ਇਕ ਲਫਜ਼ ਤੱਕ ਨਹੀਂ ਕਿਹਾ ਗਿਆ। ਭਾਰਤ ਵਿਚ ਖੱਬੀ ਲਹਿਰ ਦੇ ਰੋਲ ਅਤੇ ਕੰਮ ਨੂੰ ਜਾਣ ਬੁਝ ਕੇ ਅਣਡਿਠ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਜੋ ਕਿ ਮੁਖ ਤੌਰ ਉਤੇ ਹਰ ਮੁਸਲਮ ਵਿਰੋਧੀ ਫਸਾਦ ਵਿਚ ਮੁਖ ਧਿਰ ਹੁੰਦੀ ਹੈ, ਬਾਰੇ ਇਕ ਲਫਜ਼ ਨਹੀਂ ਕਿਹਾ ਗਿਆ। ਭਾਰਤ ਵਿਚ ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲੇ ਰਾਜ ਵਜੋਂ ਨਹੀਂ ਸਗੋਂ ਕਾਂਗਰਸ ਨੂੰ ਹਿੰਦੂ ਰਾਜ ਵਜੋਂ ਪੇਸ਼ ਕਰਕੇ ਇਪਾਨਾ ਦੇ ਇਨਕਲਾਬੀ ਲੀਡਰ ਆਪਣੀ ਮਾਰਕਸੀ ਸੋਚ ਦਾ ਜਾਂ ਤਾਂ ਦਿਵਾਲਾ ਕੱਢਿਆ ਹੈ ਜਾਂ ਇਨ੍ਹਾਂ ਦੀ ਮਾਰਕਸੀ ਪਹੁੰਚ ਇੰਨੀ ਹੀ ਹੋਛੀ ਹੈ।

ਇਪਾਨਾ ਵਧਾਈ ਦੀ ਹੱਕਦਾਰ ਹੈ ਕਿ ਉਸ ਨੇ ਫਿਰਕੂ ਤੱਤਾਂ ਨੂੰ ਇਕ ਹਾਲ ਵਿਚ ਇਕੱਠੇ ਕਰ ਦਿੱਤਾ ਹੈ, ਅਤੇ ਵੱਡੀ ਫਿਰਕਾਪ੍ਰਸਤੀ ਵਿਰੁਧ ਲੜਨ ਦੀ ਪਾਣ ਦਿੱਤੀ ਹੈ। ਇਹੋ ਹੀ ਅਮਰੀਕੀ ਸਾਮਰਾਜ ਦੀ ਭਾਰਤ ਬਾਰੇ ਨੀਤੀ ਦਾ ਧੁਰਾ ਹੈ। ਯਾਦ ਰਹੇ ਏਸੇ 'ਕਾਮਨਵੈਲਥ' ਹਾਲ ਵਿਚ ਵੈਨਕੂਵਰ ਦੀਆਂ ਦਸ ਧਰਮ ਨਿਰਪੱਖ ਅਤੇ ਅਗੇ ਵਧੂ ਜਥੇਬੰਦੀਆਂ ਵਲੋਂ 'ਸਦਭਾਵਨਾ' ਮੀਟਿੰਗ ਨੂੰ ਇਪਾਨਾ ਦੇ ਅੱਜ ਦੇ ਸਹਿਯੋਗੀਆਂ ਨੇ ਭੰਗ ਕੀਤਾ ਸੀ, ਹੁਣ ਇਪਾਨਾ ਉਨ੍ਹਾਂ ਨਾਲ ਬਗਲਗੀਰ ਹੈ। ਦੇਖੋ ਇਪਾਨਾ ਇਸ ਪਰਪੰਚ ਤੋਂ ਮੰਗਵੇਂ ਸਾਹ ਪ੍ਰਾਪਤ ਕਰਨ ਵਿਚ ਕਿੰਨਾ ਕੁ ਸਫਲ ਹੁੰਦੀ ਹੈ।

## ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ 4 ਅਕਤੂਬਰ ਨੂੰ ਲੋਕਲ ਮਸਲਿਆਂ ਸੰਬੰਧੀ ਅਤੇ ਭਾਰਤ ਨਾਲ ਸੰਬੰਧਿਤ ਮਸਲਿਆਂ ਬਾਰੇ ਇਕ ਮੀਟਿੰਗ ਕੀਤੀ। ਜਿਸ ਦੀ ਰੀਪੋਰਟ ਪਹਿਲਾਂ ਛਪ ਚੁਕੀ ਹੈ। ਉਸ ਮੀਟਿੰਗ ਤੋਂ ਪਿਛੋਂ ਐਸੋਸੀਏਸ਼ਨ ਪ੍ਰਧਾਨ ਮੰਤਰੀ ਨੂੰ ਇਕ ਲਿਖਤੀ ਮੈਮੋਰੈਂਡਮ ਦੇਣਾ ਚਾਹਿਆ ਜੋ ਕਿ ਐਸੋਸੀਏਸ਼ਨ ਦਾ ਡੈਲੀਗੇਸ਼ਨ ਨਿਜੀ ਤੌਰ ਉਪਰ ਪੇਸ਼ ਨਾ ਕਰ ਸਕਿਆ ਪਰ ਟਰੇਡ ਕਮਿਸ਼ਨ ਦੇ ਅਧਿਕਾਰੀਆਂ ਰਾਹੀਂ ਉਨ੍ਹਾਂ ਨੂੰ ਪਹੁੰਚਾਇਆ ਗਿਆ।

## ਜੁਨੇਜੋ ਦੇ ਦੋਸ਼ ਦਾ ਖੰਡਨ

ਨਵੀਂ ਦਿੱਲੀ, (ਯੂ. ਐਨ. ਆਈ.) – ਭਾਰਤ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਦੇ ਇਸ ਬਿਆਨ ਨੂੰ 'ਹਾਸੋਹੀਣਾ ਤੇ ਅਹਿਮਕਾਨਾ' ਦੱਸਿਆ ਕਿ ਪਾਕਿਸਤਾਨੀ ਮੂਲ ਦੇ ਕੈਨੇਡਿਆਈ ਨਾਗਰਿਕ ਅਰਸ਼ਾਦ ਪਰਵੇਜ਼ ਪਾਸੋਂ ਵਿਸ਼ੇਸ਼ ਕਿਸਮ ਦਾ ਸਟੀਲ ਸਮੱਗਲ ਕਰਵਾਉਣ ਪਿੱਛੇ ਭਾਰਤ ਦਾ ਹੱਥ ਸੀ ਅਤੇ ਭਾਰਤ ਨੇ ਪਾਕਿਸਤਾਨ ਨੂੰ ਅਮਰੀਕਾ ਦੀਆਂ ਨਜ਼ਰਾਂ ਵਿਚ ਬਦਨਾਮ ਕਰਨ ਲਈ ਅਜਿਹਾ ਕੀਤਾ।


The Manitoba Mirror

ਮੈਨੀਟੋਬਾ ਦਰਪਣ



ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

REMAX REALTY 10 - 2230 McPhillps St., Winnipeg, MB R2V 3C8





ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ







ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ

ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖਸ਼ ਚੀਜ਼ਾਂ ਮਿਲਦੀਆਂ ਹਨ

Kohinoor Jewellers & Fabric Centre

953 Notre Dame. Ave. WINNIPEG, MAN. R3E 0M8 Ph. Bus. 772-3937

Res. 633-6567

# ਬਰਤਾਨੀਆ ਕਾਮਨ ਵੈਲਥ ਨਾਲੋਂ ਕੱਟਿਆ ਗਿਆ

## ਦੱਖਣੀ ਅਫਰੀਕਾ ਵਿਰੁੱਧ ਸਖਤ ਕਦਮ ਚੁਕੇ ਜਾਣਗੇ



ਵੈਨਕੂਵਰ - ਕਾਮਨਵੈਲਥ ਕਾਨਫਰੰਸ ਦੇ ਖਾਤਮੇਂ ਉਤੇ ਜਾਰੀ ਕੀਤੇ ਗਏ ਬਿਆਨ ਵਿਚ ਕਿਹਾ ਗਿਆ ਹੈ ਕਿ ਦੱਖਣੀ ਅਫਰੀਕਾ ਵਿਰੁੱਧ ਸਖਤ ਕਦਮ ਪੁਟੇ ਜਾਣਗੇ ਅਤੇ ਪਾਬੰਦੀਆਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ। ਬਰਤਾਨੀਆ ਇਕੱਲਾ ਅਜਿਹਾ ਮੁਲਕ ਹੈ ਜਿਸ ਨੇ ਸਾਂਝੇ ਬਿਆਨ ਉਤੇ ਦਸਤਖਤ ਨਹੀਂ ਕੀਤੇ। ਪ੍ਰਧਾਨ ਕੈਨਿਥ ਕੌਂਡਾ ਅਤੇ ਪ੍ਰਧਾਨ ਮੰਤਰੀ ਮੁਗਾਬੀ ਨੇ ਕਿਹਾ ਕਿ 'ਥੈਚਰ ਬੱਸ ਇਕੱਲੀ ਹੀ ਰਹਿ ਗਈ ਹੈ।'

ਪ੍ਰਧਾਨ ਮੰਤਰੀ ਮਰੂਨੀ ਨੇ ਕਿਹਾ ਕਿ ਬਰਤਾਨੀਆ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਾਮਨਵੈਲਥ ਦੇ ਸਾਰੇ ਦੇਸ਼ ਇਕੱਠੇ ਹਨ ਅਤੇ ਦੱਖਣੀ ਅਫਰੀਕਾ ਵਿਚ ਨਸਲਵਾਦ ਖਤਮ ਕਰਨ ਲਈ ਕੈਨੇਡਾ ਮੁੱਖ ਰੋਲ ਨਿਭਾਏਗਾ। ਉਨ੍ਹਾਂ ਕਿਹਾ ਕਿ ਬਰਤਾਨੀਆ ਦੁਨੀਆਂ ਵਿਚ ਸਭ ਤੋਂ ਵੱਧ ਵਪਾਰ ਦੱਖਣੀ ਅਫਰੀਕਾ ਨਾਲ ਕਰਦਾ ਹੈ, ਇਸ ਲਈ ਉਹ ਪਾਬੰਦੀਆਂ ਲਾਉਣ ਲਈ ਤਿਆਰ ਨਹੀਂ। ਮਰੂਨੀ ਨੇ ਕਿਹਾ ਕਿ ਕੈਨੇਡਾ ਦੱਖਣੀ ਅਫਰੀਕਾ ਨਾਲ ਮੁਕੰਮਲ ਤੌਰ ਉਤੇ ਵਪਾਰ ਬੰਦ ਕਰ ਰਿਹਾ ਹੈ। ਕੈਨੇਡਾ ਦੱਖਣੀ ਅਫਰੀਕਾ ਨੂੰ ਗੰਧਕ ਵੇਚਦਾ ਹੈ ਜੋ ਜਲਦੀ ਹੀ ਬੰਦ ਕਰ ਦਿੱਤੀ ਜਾਵੇਗੀ।

### ਰਾਜੀਵ ਗਾਂਧੀ ਦਾ ਬਿਆਨ

ਕਾਨਫਰੰਸ ਦੇ ਖਾਤਮੇ ਉਤੇ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਕਿਹਾ ਕਿ ਦੱਖਣੀ ਅਫਰੀਕਾ ਦੇ ਮਸਲੇ ਉਤੇ ਬਰਤਾਨੀਆ ਉਤੇ ਦਬਾਅ ਪਾਉਣਾ ਫਜ਼ੂਲ ਹੈ। ਉਨ੍ਹਾਂ ਕਿਹਾ ਕਿ 'ਸਮਾਂ ਬਰਬਾਦ ਕਰਨ ਨਾਲੋਂ ਚੰਗਾ ਹੈ ਕਿ ਇਹ ਸਮਾਂ ਚੰਗੇ ਕੰਮਾਂ ਲਈ ਲਾਇਆ ਜਾਂਵੇ।' ਗਾਂਧੀ ਨੇ ਕਿਹਾ ਕਿ ਥੈਚਰ ਨਾਲ ਦੱਖਣੀ ਅਫਰੀਕਾ ਉਤੇ ਪਾਬੰਦੀਆਂ ਲਾਉਣ ਦੀ ਗੱਲ ਉਸੇ ਤਰ੍ਹਾਂ ਹੈ ਜਿਵੇਂ ਸੰਸਾਰ ਦੀ ਦੂਜੀ ਜੰਗ ਤੋਂ ਪਹਿਲਾਂ ਹਿਟਲਰ ਨਾਲ ਗੱਲਬਾਤ ਕਰਨ ਦੀ ਗੱਲ ਹੋਵੇ। ਉਸਨੇ ਕਿਹਾ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਚੈਂਬਰਲੇਨ ਦਾ ਵਤੀਰਾ ਸੰਸਾਰ ਜੰਗ ਤੋਂ ਪਹਿਲਾਂ ਨਾਜ਼ੀ ਜਰਮਨੀ ਨਾਲ ਵੀ ਅਜਿਹਾ ਹੀ ਸੀ।

22 ਸਫੇ ਦੇ ਇਸ ਬਿਆਨ ਵਿਚ 38 ਮਸਲਿਆਂ ਉਤੇ ਵਿਚਾਰ ਕੀਤਾ ਗਿਆ। ਅਮਰੀਕਾ ਤੇ ਸੋਵੀਅਤ ਵਿਚ ਗੱਲਬਾਤ ਨੂੰ ਜੀਅ ਆਇਆਂ ਆਖਿਆ ਗਿਆ ਤੇ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਕਿਹਾ ਗਿਆ। ਸ੍ਰੀ ਲੰਕਾ ਵਿਚ ਅਮਨ ਸਥਾਪਤ ਕਰਨ ਲਈ ਭਾਰਤ ਦੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ ਗਈ ਤੇ ਭਾਰਤ-ਸ੍ਰੀਲੰਕਾ ਸਮਝੌਤੇ ਨੂੰ ਮੁਬਾਰਕ ਕਦਮ ਕਿਹਾ ਗਿਆ।

# ਜਸਟਿਸ ਅਜੀਤ ਸਿੰਘ ਬੈਂਸ ਦਾ ਦੋਸ਼ : "ਕੈਨੇਡਾ ਦੇ ਖਾਲਿਸਤਾਨੀ ਹਾਲਾਤ ਖਰਾਬ ਕਰ ਰਹੇ ਹਨ"

ਵੈਨਕੂਵਰ — 'ਸਨ' ਅਖਬਾਰ ਦੀ ਰੀਪੋਰਟਰ ਕਿਮ ਬੋਲਨ ਨੂੰ ਇਕ ਮੁਲਾਕਾਤ ਵਿਚ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਕੈਨੇਡਾ ਵਿਚ ਖਾਲਿਸਤਾਨ ਦਾ ਵੱਖਵਾਦੀ ਨਾਅਰਾ ਦੇ ਕੇ ਪੰਜਾਬ ਦੇ ਲੋਕਾਂ ਲਈ ਸਮੱਸਿਆ ਖੜ੍ਹੀ ਕਰ ਰਹੇ ਹਨ। ਜਸਟਿਸ ਬੈਂਸ ਪੰਜਾਬੀ ਤੇ ਹਰਿਆਣਾ ਹਾਈ ਕੋਰਟ ਵਿਚ ਜੱਜ ਰਹਿ ਚੁੱਕੇ ਹਨ। ਪੰਜਾਬ ਸਰਕਾਰ ਵਲੋਂ ਜੇਲ੍ਹਾਂ ਵਿਚ ਬੰਦ ਸਿੱਖਾਂ ਨੌਜਵਾਨਾਂ ਬਾਰੇ ਬੈਂਸ ਕਮਿਸ਼ਨ ਦੇ ਚੇਅਰਮੈਨ ਵੀ ਰਹੇ ਹਨ।

ਜਸਟਿਸ ਬੈਂਸ ਨੇ ਕਿਹਾ ਵਿਦੇਸ਼ਾਂ ਵਿਚਲੇ ਵੱਖਵਾਦੀਆਂ ਕਾਰਨ ਭਾਰਤੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਪੰਜਾਬ ਦੇ ਸਿੱਖਾਂ ਵਿਰੁੱਧ ਹੋਰ ਤਾਕਤ ਵਰਤਣ ਦਾ ਮੌਕਾ ਮਿਲਦਾ ਹੈ। ਕੈਨੇਡਾ ਦੇ ਖਾਲਿਸਤਾਨੀ ਭਾਰਤ ਸਰਕਾਰ ਨੂੰ ਇਹ ਮੌਕਾ ਦਿੰਦੇ ਹਨ ਕਿ ਕੇਂਦਰ ਸਰਕਾਰ ਆਪਣੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾ ਸਕੇ।

### ਝੂਠੇ ਮੁਕਾਬਲੇ

ਜਸਟਿਸ ਬੈਂਸ ਨੇ ਕਿਹਾ ਕਿ ਸੈਂਕੜੇ ਨੌਜਵਾਨ ਝੂਠੇ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਹਨ। ਪੁਲੀਸ ਅਜਿਹੇ ਨੌਜਵਾਨਾਂ ਨੂੰ ਫੜਦੀ ਜਾਂ ਮਾਰਦੀ ਹੈ ਜੋ ਵੱਖਵਾਦੀਆਂ ਦੇ ਹਮਦਰਦ ਹਨ।

ਸ੍ਰੀ ਬੈਂਸ ਨੇ ਕਿਹਾ ਕਿ ਭਾਰਤ ਦੀ ਸਰਕਾਰ ਇਸ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾਈ ਬੈਠੀ ਹੈ ਜਦ ਕਿ ਇਹ ਸਿਆਸੀ ਮਸਲਾ ਹੈ।

ਸ੍ਰੀ ਬੈਂਸ ਨੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਜਲਦੀ ਸਿੱਖ ਨੇਤਾਵਾਂ ਨਾਲ ਸੰਪਰਕ ਕਰਕੇ ਗੱਲਬਾਤ ਕਰਨ ਤੇ ਮਸਲੇ ਨੂੰ ਸੁਲਝਾਉਣ।

# ਸੀ. ਪੀ. ਆਈ. ਆਗੂ ਤੇ ਹਮਲਾ

ਜਲੰਧਰ — ਥਾਣਾ ਸ਼ਾਹਕੋਟ ਦੇ ਪਿੰਡ ਤਲਵੰਡੀ ਸੰਘੇੜਾ ਵਿਖੇ ਸੀ ਪੀ ਆਈ ਵਲੋਂ ਕੀਤੇ ਜਾ ਰਹੇ ਇਕ ਪਬਲਿਕ ਜਲਸੇ ਨੂੰ ਜਦੋਂ ਸਾਥੀ ਨਾਜ਼ਰ ਸਿੰਘ ਸੰਬੋਧਨ ਕਰ ਰਹੇ ਸਨ ਤਾਂ ਤਿੰਨ ਅਤਿਵਾਦੀਆਂ ਜਸਵਿੰਦਰ ਸਿੰਘ, ਰਣਧੀਰ ਸਿੰਘ ਅਤੇ ਰੋਸ਼ਨ ਸਿੰਘ ਨੇ ਸਟੇਜ ਵਲ ਵਧ ਕੇ ਪਹਿਲਾਂ ਉਹਨਾਂ ਦੀ ਟੋਕਾ ਟੋਕਾਈ ਕੀਤੀ ਅਤੇ ਫਿਰ ਉਹ ਸਟੇਜ 'ਤੇ ਚੜ੍ਹਕੇ ਸਾਥੀ ਨਾਜਰ ਸਿੰਘ ਦੇ ਗਲ ਪੈ ਗਏ। ਜਾਨ ਨੂੰ ਖਤਰਾ ਅਨੁਭਵ ਕਰਦਿਆਂ ਸਾਥੀ ਨਾਜਰ ਸਿੰਘ ਨੇ ਆਪਣੇ ਲਾਇਸੰਸੀ ਪਿਸਤੌਲ ਨਾਲ ਗੋਲੀ ਚਲਾਈ ਜਿਸ ਨਾਲ ਇਹਨਾਂ ਵਿਚੋਂ ਇਕ ਜਸਵਿੰਦਰ ਸਿੰਘ ਜ਼ਖਮੀ ਹੋ ਗਿਆ।

ਜਸਵਿੰਦਰ ਸਿੰਘ ਜਿਸਨੂੰ ਮਗਰੋਂ ਲੁਧਿਆਣੇ ਦੇ ਸੀ ਐਮ ਸੀ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਦੀ ਹਾਲਤ ਗੰਭੀਰ ਦੱਸੀ ਜਾਂਦੀ ਹੈ। ਰੀਪੋਰਟ ਮਿਲਣ ਤਕ ਅਜੇ ਇਹ ਪਤਾ ਨਹੀਂ ਲਗ ਸਕਿਆ ਕਿ ਬਾਕੀ ਦੇ ਦੋ ਦੂਸਰੇ ਅਤਿਵਾਦੀ ਪੁਲਸ ਨੇ ਫੜ ਲਏ ਹਨ, ਜਾਂ ਕਿ ਉਹ ਫਰਾਰ ਹੋ ਗਏ ਹਨ। ਸਾਥੀ ਨਾਜਰ ਸਿੰਘ ਉਤੇ ਇਹ ਹਮਲਾ ਉਦੋਂ ਹੋਇਆ ਜਦੋਂ ਉਹ ਅਤਿਵਾਦੀਆਂ ਵਲੋਂ ਬੇਦੋਸ਼ੇ ਲੋਕਾਂ ਦੀਆਂ ਕੀਤੀਆਂ ਜਾ ਰਹੀਆਂ ਹਤਿਆਵਾਂ ਦੀ ਨਿੰਦਾ ਕਰ ਰਹੇ ਸਨ।

# ਹਰਕੰਵਲ ਸਿੰਘ ਵਲੋਂ ਅਧਿਆਪਕ ਦੇ ਕਤਲ ਦੀ ਜ਼ੋਰਦਾਰ ਨਿਖੇਧੀ

ਹੁਸ਼ਿਆਰਪੁਰ — ਪਿਛਲੇ ਦਿਨੀਂ ਜ਼ਿਲੇ ਦੇ ਪਿੰਡ ਐਮਾ ਮਾਂਗਟ ਵਿਚ ਸਕੂਲ ਅਧਿਆਪਕ ਸ੍ਰੀ ਮਲਕੀਅਤ ਸਿੰਘ ਦੇ ਦਹਿਸ਼ਤਗਰਦਾਂ ਹਥੋਂ ਕਤਲ ਦੀ ਗੌਰਮਿੰਟ ਟੀਚਰ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਸ੍ਰੀ ਹਰਕੰਵਲ ਸਿੰਘ ਨੇ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਅਧਿਆਪਕ ਸ੍ਰੀ ਮਲਕੀਅਤ ਸਿੰਘ ਗੌਰਮਿੰਟ ਟੀਚਰ ਯੂਨੀਅਨ ਦੇ ਮੁਕੇਰੀਆਂ ਬਲਾਕ ਦੇ ਸਾਬਕਾ ਪ੍ਰਧਾਨ ਸਨ।

ਜ਼ਿਲਾ ਜਨਰਲ ਸਕੱਤਰ ਸ੍ਰੀ ਬਹਾਦਰ ਸਿੰਘ ਨੇ ਵੀ ਸ੍ਰੀ ਮਲਕੀਅਤ ਸਿੰਘ ਦੇ ਕਤਲ ਦੀ ਸਖਤ ਨਿਖੇਧੀ ਕੀਤੀ ਹੈ। ਦੋਨਾਂ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਾਤਲ ਦਹਿਸ਼ਤਗਰਦਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਅਤੇ ਮ੍ਰਿਤਕ ਅਧਿਆਪਕ ਦੇ ਪਰਵਾਰ ਨੂੰ ਪੁਲਸ ਪੇਟਰਨ ਤੇ ਸਹਾਇਤਾ ਦਿੱਤੀ ਜਾਵੇ।

---

ਹੱਥ ਮਿਲੇ ਨੇ ਦਿਲ ਮਿਲੇ ਨੇ ਕਿਸਮਤਾਂ ਦਾ ਸਾਥ ਹੈ।
ਚੰਨ-ਚਿਹਰਾ ਨੈਣ-ਤਾਰੇ ਤੇ ਜ਼ੁਲਫ ਦੀ ਰਾਤ ਹੈ।


## ਘਰ ਵਿਕਾਊ ਹੈ

ਐਬਟਸਫੋਰਡ ਵਿਚ 1250 ਸੁਕੇਅਰ ਫੁੱਟ ਛੋਟਾ ਘਰ ਵਿਕਾਊ ਹੈ। ਤਿੰਨ ਬੈਡ ਰੂਮ, ਸਿਰਫ ਚਾਰ ਸਾਲ ਪੁਰਾਣਾ ਤੇ ਇਕ ਕਾਰ ਲਈ ਕਾਰਪੋਰਟ ਹੈ! ਲਾਂਡਰੀ ਵੀ ਹੈ। 5 ਅਪਲਾਇੰਸ ਸਣੇ ਕੀਮਤ ਸਿਰਫ

**$49,500.00**

856-5993

ਵੈਨਕੂਵਰ ਦੇ ਇਲਾਕੇ ਵਿਚ ਨਵੇਂ ਘਰਾਂ ਜਾਂ ਪੁਰਾਣੇ ਘਰਾਂ ਦੀ ਬੇਸਮਿੰਟਾਂ ਜਾਂ ਨਵੇਂ ਘਰ ਕਸਟਮ ਢੰਗ ਨਾਲ ਤਿਆਰ ਕਰਦੇ ਹਾਂ। ਐਸਟੀਮੇਟ ਲੈਣ ਲਈ ਫੋਨ ਕਰੋ

588-7246-ਵੈਨਕੂਵਰ ਲਈ,

856-5993 ਮਿਸ਼ਨ ਐਬਸਫੋਰਡ ਲਈ,



# GLOBAL IMMIGRATION SERVICES



For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

WE ARE PROVIDING ALL IMMIGRATION SERVICES

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕ਼ਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੇਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

# "Quam and Panth come first, not militants"

THE kutcha road which takes off from the Chandigarh-Ambala highway and passes by the residence of Mr Darshan Singh, acting Jathedar of Akal Takht, at Zirakpur is undulating perhaps symbolic of the ups and downs in Sikh politics. It is full of potholes and ditches and has a couple of blind turns. It is also very narrow and vehicles coming from opposite directions cannot



*"Youth should not come in confrontation with the 'quam'. If they are dying for the community, then they should respect the wishes of the community."*

cross each other without either of them swerving off the road.

This road situation too symbolises "the narrow road of Panthic politics" these days. On one side are ranged the militants, having effective control of the Golden Temple complex, represented by the "Panthic Committee", the Gurjit faction of the All-India Sikh Students Federation, which has now severed its links with the parent body and has proclaimed itself to be an independent organisation, and its armed wing, the "Khalistan Commando Force". At least three of the head priests are the

**Ever since Mr Darshan Singh became the Jathedar of Akal Takht towards the end of last year he has made attempts to bring all Akali factions under one flag.**

nominees of the militants and faithfully toe their line.

On the other side are the traditional moderate Sikh leaders represented by Mr Darshan Singh. He is backed by the Shiromani Gurdwara Parbandhak Committee somewhat inappropriately described as the "Parliament of the Sikhs". Its President, Mr Gurcharan Singh Tohra, is currently under detention. In his absence, Mr Harinder Singh has been acting as SGPC President. The SGPC had been reduced to irrelevance by the militants during the past several months. But, of late, it has shown some uncharacteristic courage and defiance in the face of dire threats and intimidation by the militants.

## UAD's NEW MOOD

The UAD too has not lagged behind. It has given enough indications that while it is not keen on a head-on confrontation with the militants, it will not brook any challenge to the traditional Sikh authority represented by the Jathedar of Akal Takht nor will it accept the position that any organisation, including the "Panthic Committee" is higher than Akal Takht in status.

The Akali Dal (L), headed by Mr Surjit Singh Barnala, has so far maintained a low profile in the controversy between the militants and the SGPC-UAD combine. It is obviously enjoying the discomfiture of Mr Darshan Singh, who excommunicated Mr Barnala from the Sikh Panth earlier this year, and did almost everything, with the help of the UAD, to bring down the Akali Dal Ministry. But there is no mistaking the fact that its sympathy lies with Mr Darshan Singh in his present predicament. The Dal (L) has directed its five members on the SGPC Executive to support the UAD in its stand against the militants and in favour of the Akal Takht chief.

Ever since Mr Darshan Singh became the Jathedar of Akal Takht towards the end of last year, he has made attempts to bring all Akali factions under one flag. His first attempt to unite them failed when the faction headed by Mr Barnala refused to fall in line.

His second attempt to evolve a consensus on Sikh demands through holding a convention at Amritsar on August 4 also did not succeed when the representative of the militants made it clear that they were not willing to settle for anything less than "Khalistan". This led Mr Darshan Singh to quit Amritsar in a huff. He declared that he would give the "first chance" to the militants lead the community and returned to his residence at Zirakpur.

It will not be fair to Mr Darshan Singh to say that he has run away from the battlefield. The militants have had a free hand for nearly two months now and all that they seem to have achieved is to further sharpen the differences in the Panth. Mr Darshan Singh is now looking forward to the day of his return to Amritsar to resume his assignment as the Akal Takht chief, preferably before Divali on October 22 when the militants plan to convene a "Sarbat Khalsa" for, among other things, the removal of Mr Darshan Singh as Jathedar of Akal Takht.

In the meantime, Mr Darshan Singh keeps himself busy at his Zirakpur residence, receiving visitors conferring with SGPC officials and talking to UAD leaders. A group of fierce-looking armed young men guard his residence round the clock. Not far away is a



tent housing a few men of the CRPF.

## INTERVIEW

Excerpts from an interview with Mr Darshan Singh:

**Q:** You have been away from Amritsar for nearly two months now. How do you assess the present situation? Do you feel that you have been vindicated and the militants are in the wrong?

**DS:** As I have already stated, I came away from Amritsar to avoid confrontation with the youth so that they can have a chance to lead the Panth as they deem fit. It is for the Panth to decide whether my thinking is right or the line adopted by the militants is correct. The issue relates to the entire Panth. How can as an individual, say who is right and who is wrong? If the Panth feels that its interests are not being served by the militants, then it should speak out.

**Q:** But, in the past few weeks, differences within the Sikh community seem to have become sharper.

**DS:** I would say that the youth should not come in confrontation with the "quam". If they say that they are dying for the community, then they should also respect the wishes of the community. If the whole community accepts their point of view, they are free to lead it. But if the community does not like their way of thinking and there is a confrontation, then it is in their own interest not to stand in the way (of the community). It is their duty to respect the wishes of the "quam". If they are making sacrifices for the sake of the community, then why come in confrontation with it? They should do what the community wants.

**Q:** The SGPC, the UAD as also a large number of other Sikh organisations have made appeals to you to return to Amritsar to resume your assignment as Jathedar of Akal Takht. Are you willing to go back?

**DS:** The Government wants to bring about a situation of confrontation among the Sikhs. I want to avoid it. The atmosphere in and around the Golden Temple should be such that when I return to that place there is no situation of confrontation there. Therefore all Sikh organisations should try to persuade the young men to realise that the Panth is not willing to support their point of view. Therefore they must cooperate with the Panth. They should themselves create a congenial atmosphere. Any confrontation among the Sikhs will be a blot in Sikh history.



# ਸਾਹਿਤ ਤੇ ਕਲਾ



## ਮਤਲਬ ਕਿ ਕਲਚਰ

**ਅਮਰਜੀਤ ਚੰਦਨ**

ਇਕ ਰਾਤ ਅਸੀਂ ਪਾਰਲੀਮੈਂਟ ਦੇ ਭੁੱਟੋ ਦੇ ਵੇਲੇ ਦੇ ਡਿਪਟੀ ਰਾਣਾ ਸ਼ਮੀਮ ਦੇ ਘਰ ਬੈਠੇ ਸੀ। ਹਾਜ਼ਰੀਨ ਵਿਚ ਵੱਡੀ ਗਿਣਤੀ ਸਿਆਸੀ ਪਨਾਹਗੀਰਾਂ ਦੀ ਸੀ। ਭੁੱਟੋ ਨੂੰ ਮੁਹਬਤ ਕਰਨ ਵਾਲੇ ਕਈ ਸੱਜਣ ਈਸਟ ਲੰਡਨ ਤੋਂ ਸਨ। ਇਹਨਾਂ ਦੀ ਆਪਣੀ ਪੱਬ ਹੈ ਤੇ ਹਰ ਪਾਸਿਓਂ ਅੱਲਾ ਦੀ ਮਿਹਰ ਹੈ। ਸਿਰਫ ਇਹੀ ਸੱਜਣ ਸ਼ਰਾਬ ਨਹੀਂ ਸਨ ਪੀ ਰਹੇ ਤੇ ਸਭ ਤੋਂ ਜਜ਼ਬਾਤੀ ਹੋ ਕੇ ਇਹਨਾਂ ਆਪਣੇ ਜਵਾਨ ਬੱਚਿਆਂ ਦੀ ਗੱਲ ਛੇੜ ਲਈ ਕਿ ਇਹ ਇਹਨਾਂ ਦੇ ਆਖੇ ਵਿਚ ਨਹੀਂ। "ਆਪਣੇ ਕਲਚਰ" ਤੋਂ ਟੁੱਟ ਗਏ ਹਨ। ਘਰ ਵਿਚ ਵੀ ਅੰਗਰੇਜ਼ੀ ਬੋਲਦੇ ਹਨ। ਉਰਦੂ ਨਹੀਂ ਪੜ੍ਹਦੇ। ਡੈਡੀ ਦੇ ਆਖੇ ਕਦੇ ਕਦਾਈਂ ਮਸੀਤ ਜਾਂਦੇ ਹਨ, ਪਰ ਡੈਡੀ ਮੁਲਾਣਿਆਂ ਨੂੰ "ਬਾਸਟਰਡ" ਕਹਿੰਦਾ ਹੈ, ਏਸ ਲਈ ਡੈਡੀ ਨੂੰ ਬੱਚੇ ਪੁੱਛਦੇ ਹਨ ਕਿ ਸਾਨੂੰ ਫੇਰ ਮਸੀਤ ਕਾਸਨੂੰ ਭੇਜਦੇ ਹੋ। ਡੈਡੀ ਦੀਆਂ ਐਨਕਾਂ ਪਿੱਛੇ ਅੱਖਾਂ ਦੀ ਪਾਣੀ ਹੋ ਰਹੀ ਚਮਕ ਤੋਂ ਲਗਦਾ ਸੀ, ਡੈਡੀ ਵਾਕਿਆ ਹੀ ਪਰੇਸ਼ਾਨ ਹਨ।

ਮਜ਼ਹਰ ਤਿਰਮਜ਼ੀ ਸੋਫੇ ਵਿਚ ਧਸਿਆ ਬੈਠਾ ਸੀ। ਇਹਦਾ ਤਕੀਆ ਕਲਾਮ ਹੈ — ਮਤਲਬ ਕਿ। ਇਹ ਪੱਕ ਦੇ ਗਮਨੇ ਨੂੰ ਪੁਛਣ ਲੱਗਾ — ਪਹਿਲਾਂ ਤਾਂ ਤੁਸੀਂ ਮੇਰੀ ਏਸ ਗੱਲ ਦਾ ਜਵਾਬ ਦਿਓ, ਮਤਲਬ ਕਿ, ਤੁਸੀਂ ਆਪਣੇ ਨਿਆਣਿਆਂ ਨਾਲ ਪੰਜਾਬੀ ਬੋਲਦੇ ਹੋ ?

ਗਮਨਾ ਛਿੱਥਾ ਪੈਂਦਿਆਂ ਬੋਲਿਆ — ਨਹੀਂ।

— ਕਦੇ ਉਹਨਾਂ ਨੂੰ ਪੰਜਾਬੀ ਦੀ ਕੋਈ ਕਿਤਾਬ ਪੜ੍ਹਨ ਨੂੰ ਦਿੱਤੀ ਜਾਂ ਤੁਸੀਂ ਕਦੇ ਆਪ ਪੜ੍ਹੀ ਆ ?

ਗਮਨਾ ਲੰਮੀ ਜਿਰਾਹ ਵਿਚ ਹਾਰ ਗਿਆ ਤੇ ਮਜ਼ਹਰ ਨੇ ਮੁਨਸਫ ਦੇ ਅੰਦਾਜ਼ ਵਿਚ ਫੈਸਲਾ ਸੁਣਾਇਆ — ਫੇਰ ਤੁਹਾਡੇ ਨਿਆਣੇ ਤੁਹਾਡੇ ਨਾਲ ਕਿੱਦਾਂ ਜੁੜੇ ਰਹਿਣਗੇ। ਸਭ ਤੁਹਾਡਾ ਆਪਣਾ ਕਸੂਰ ਆ।

ਮੈਂ ਗਮਨੇ ਨੂੰ ਪੁਛਿਆ — ਤੁਹਾਡੀ ਕਲਚਰ ਤੋਂ ਕੀ ਮੁਰਾਦ ਹੈ ?

ਉਂਜ ਕਲਚਰ ਤਾਂ ਹਰ ਇਕ ਦੇ ਮੇਚ ਆਉਣ ਵਾਲੀ ਰਬੜ ਦੀ ਟੋਪੀ ਹੈ, ਪਰ ਪੱਬ ਦਾ ਗਮਨਾ ਆਖਣ ਲੱਗਾ — ਜੀ ਹਰ ਖਾਨਦਾਨ ਦੇ ਕੁਝ ਅਦਬ-ਅਦਾਬ ਹੁੰਦੇ ਨੇ। ਮੈਂ ਵੀ ਆਖਰ ਬਾਪ ਹਾਂ। ਮੈਂ ਆਪਣੀ ਔਲਾਦ ਦਾ ਭਲਾ ਹੀ ਸੋਚਾਂਗਾ ਬੁਰਾ ਨਹੀਂ।

ਤੁਸੀਂ ਕਿਸੇ ਵੀ ਏਸ਼ੀਅਨ ਮਾਂ-ਬਾਪ ਨੂੰ ਟੋਹ ਕੇ ਵੇਖੋ, ਸਾਰਿਆਂ ਦੀ ਸ਼ਿਕਾਇਤ ਇਕੋ ਹੁੰਦੀ ਹੈ। ਇਹ ਪੌਂਡਾਂ ਦੀ ਗੋਰਿਆਂ ਦੀ ਧਰਤੀ ਨੂੰ ਸਾਰੇ ਦੋਸ਼ ਦੇਣ ਲੱਗਿਆਂ ਭੁੱਲ ਜਾਂਦੇ ਹਨ ਕਿ ਇਹ ਮਸਲਾ ਅਜ ਭਾਰਤ/ਪਾਕਿਸਤਾਨ ਵਿਚ ਖੜ੍ਹਾ ਹੋ ਰਿਹਾ ਹੈ। ਦਰਅਸਲ ਇਹ ਕਲਚਰ ਦਾ ਸੰਕਟ ਨਹੀਂ, ਅਨਕਲਚਰਡ ਲੋਕਾਂ ਦਾ ਸੰਕਟ ਹੈ। ਬਹੁਤੇ ਲੋਕ ਕਲਚਰ ਦਾ ਮਤਲਬ ਇਹੀ ਕੱਢਦੇ ਹਨ ਕਿ ਜਾਬਰ ਜਗੀਰੂ (ਫੀਊਡਲ) ਖਾਨਦਾਨੀ ਨਜ਼ਾਮ ਜਿਉਂ ਦਾ ਤਿਉਂ ਬਣਿਆ ਰਹੇ; ਜ਼ਾਤਪਾਤ ਦਾ ਗੰਦ ਬਦਸਤੂਰ ਕਾਇਮ ਰਹੇ। ਮੁੰਡੇ ਕੁੜੀਆਂ ਆਪਣੀ ਮਰਜ਼ੀ ਦੇ ਜ਼ਾਤ ਜਾਂ ਮਜ਼ਹਬ ਤੋਂ ਬਾਹਰ ਵਿਆਹ ਨਾ ਕਰਨ। ਲੱਖ ਕੁਕਰਮ ਕਰੀ ਜਾਣ, ਪਰ ਮੰਦਰ ਮਸੀਤੀਂ ਗੁਰਦੁਆਰੀਂ ਜ਼ਰੂਰ ਜਾਣ। ਸਿੱਧੀ ਗੱਲ ਇਹ ਹੈ ਕਿ ਸਾਡੇ ਬਹੁਤ ਸਾਰੇ ਲੋਕਾਂ ਦੀ ਕਲਚਰ ਤੋਂ ਮੁਰਾਦ ਹੈ — ਜ਼ਾਤਪਾਤ (ਨਸਲਵਾਦ) ਕਾਇਮ ਰਹੇ, ਮਜ਼ਹਬ (ਜਿਹਦਾ ਜ਼ਾਹਰਾ ਲੱਛਣ ਸ਼ਾਵਨਵਾਦ ਹੁੰਦਾ ਹੈ) ਦੀ ਜਕੜ ਪੀਡੀ ਰਹੇ ਅਤੇ ਮਰਦਾਵੀਂ ਹੈਂਕੜ ਬਰਕਰਾਰ ਰਹੇ। ਜੇ ਇਹਨਾਂ ਲਾਹਨਤਾਂ ਦਾ ਨਾਂ ਕਲਚਰ ਹੈ ਤਾਂ ਇਹ ਕਲਚਰ ਜ਼ਰੂਰ ਹੀ ਖਤਮ ਹੋਣਾ ਚਾਹੀਦਾ ਹੈ।

ਫੇਰ ਕਲਚਰ ਹੈ ਕੀ ਚੀਜ਼ ? ਕੀ ਪੰਜਾਬੀ ਕਲਚਰ ਲੱਸੀ, ਸਾਗ ਤੇ ਮੱਕੀ ਦੀ ਰੋਟੀ ਹੈ ? ਕੀ ਪੰਜਾਬੀ ਕਲਚਰ ਵਾਰਿਸ ਸ਼ਾਹ ਦਾ ਲਿਖਿਆ ਹੀਰ ਦਾ ਕਿੱਸਾ ਹੈ ? ਨਹੀਂ। ਇਹ ਸਭ ਸ਼ੈਆਂ ਆਪਣੇ ਆਪ ਵਿਚ ਕਲਚਰ ਨਹੀਂ ਹਨ। ਸਾਗ ਮੱਕੀ ਦੀ ਰੋਟੀ ਪੰਜਾਬ ਦੀ ਕਲਚਰਲ ਸਿਰਜਣਾ ਨਹੀਂ ਅਤੇ ਹੀਰ ਦਾ ਕਿੱਸਾ ਉਸ ਵੇਲੇ ਦੇ ਨਾਇਕਾਂ ਦਾ ਸਮਾਜੀ ਹੁੰਗਾਰਾ ਹੈ, ਜੋ ਕੂੜੇ ਬੰਧਨਾਂ ਤੋਂ ਨਾਬਰ ਹੋ ਉਠੇ ਸਨ।

ਕੁਦਰਤੀ ਮਨੁੱਖ ਤੋਂ ਸਮਾਜੀ ਮਨੁੱਖ ਬਣਨ ਦੇ ਲੰਮੇ ਅਰਸੇ ਦੌਰਾਨ ਮਨੁੱਖ ਦਾ ਕੁਦਰਤ ਨਾਲ ਜੋ ਉਲਟਾਵਾਂ (ਡਾਇਲੈਕਟੀਕਲ) ਰਿਸ਼ਤਾ ਰਿਹਾ, ਉਹ ਮਨੁੱਖੀ ਚੇਤਨਾ ਦੇ ਵਿਕਾਸ ਦਾ ਲੰਮਾ ਸਫਰ ਸੀ। ਇਸੇ ਸਫਰ ਵਿਚੋਂ ਸਭਿਆਚਾਰਕ-ਸਮਾਜਕ ਦੁਨੀਆਂ ਦੀ ਸਿਰਜਣਾ ਹੋਈ। ਆਪਣੀਆਂ ਲੋੜਾਂ, ਔਕੜਾਂ, ਸੁਫਨਿਆਂ ਜਿੱਤਾਂ ਹਾਰਾਂ, ਆਨੰਦ ਤੇ ਵਿਸ਼ਾਦ ਦਾ ਮਨੁੱਖ ਕਈ ਤਰੀਕਿਆਂ ਨਾਲ ਇਜ਼ਹਾਰ ਕਰਦਾ ਰਿਹਾ। ਭਾਸ਼ਾ ਧਰਮ ਫਲਸਫਾ, ਸਾਹਿਤ, ਸੰਗੀਤ ਕਲਾ ਇਸ ਪ੍ਰਗਟਾਵੇ ਦੇ ਵੱਖ ਵੱਖ ਰੂਪ ਹਨ। ਤੇ ਮਨੁੱਖ ਦੀ ਜਮਾਤੀ ਅਨੰਤ ਜਦੋ ਜਹਿਦ ਦਾ ਦੂਜਾ ਨਾ ਇਤਿਹਾਸ ਹੈ। ਇਹਨਾਂ ਸਭਨਾਂ ਦਾ ਬੱਝਵਾਂ ਰੂਪ ਕਲਚਰ (ਸੰਸਕ੍ਰਿਤੀ) ਹੈ। ਕਲਚਰ ਨੂੰ ਪੱਛਮੀ ਪੰਜਾਬੀ ਵਿਦਵਾਨ ਰਹਤਲ ਆਖਦੇ ਹਨ, ਭਾਵ ਤਰਜ਼ ਏ ਜ਼ਿੰਦਗੀ। ਇੰਜ ਹਰ ਤਰ੍ਹਾਂ ਦੀ ਰਹਤਲ ਵਿਚ ਚੰਗੀਆਂ ਗੱਲਾਂ ਵੀ ਹੁੰਦੀਆਂ ਹਨ ਤੇ ਮਾੜੀਆਂ ਵੀ। ਹਰ ਸੂਝਵਾਨ ਤਹਰੀਕ ਚੰਗੀਆਂ ਗੱਲਾਂ ਅਪਣਾਈ ਰਖਦੀ ਹੈ ਤੇ ਬੋਦੀਆਂ ਵੇਲਾ-ਵਿਹਾ ਚੁਕੀਆਂ ਕੁਰੀਤਾਂ ਨੂੰ ਛੱਡਦੀ ਜਾਂਦੀ ਹੈ।

ਏਸ ਲਿਹਾਜ਼ ਨਾਲ ਭਾਰਤ ਜਾਂ ਪਾਕਿਸਤਾਨ ਵਸਤੇ ਪੰਜਾਬੀਆਂ ਦਾ ਸੰਕਟ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੇ ਕਲਚਰ ਸੰਕਟ ਨਾਲੋਂ ਕਿਤੇ ਵੱਧ ਡੂੰਘਾ ਹੈ। ਇਹ ਦਰਅਸਲ ਪੰਜਾਬੀਆਂ ਦੀ ਪਛਾਣ (Indentity) ਦਾ ਸੰਕਟ ਹੀ ਹੈ। ਪੰਜਾਬੀਆਂ ਨੇ ਹਾਲੇ ਤੱਕ ਆਪਣਾ ਹੀ ਮੂਲ ਨਹੀਂ ਪਛਾਣਿਆ। ਪੰਜਾਬ ਉਤੇ ਕਾਬਜ਼ ਹੁਕਮਰਾਨਾਂ ਨੇ ਅੱਜ ਤੱਕ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਤੋਂ ਹੀ ਬੇਮੁਖ ਰੱਖਿਆ ਹੋਇਆ ਹੈ। ਇੰਜ ਮਾਂ ਬੋਲੀ ਵਿਚ ਲਿਖੇ ਹਿੰਦੂ ਸਿੱਖ ਮੁਸਲਮਾਨ ਸਾਹਿਤਕਾਰਾਂ ਦੇ ਸਾਹਿਤ ਤੋਂ ਵੀ ਬਹੁਤੇ ਪੰਜਾਬੀ ਵਾਕਫ ਨਹੀਂ ਹਨ। ਇਤਿਹਾਸ ਸੰਗੀਤ, ਕਲਾ ਦੀ ਤਾਂ ਗੱਲ ਹੀ ਕੀ ਕਰਨੀ ਹੈ। ਪੰਜਾਬੀ ਜਦ ਆਪਣੀ ਮਾਂ ਬੋਲੀ ਵਿਚ ਗੱਲ ਕਰਦਿਆਂ ਮਾਣ ਮਹਿਸੂਸ ਕਰਨਗੇ, ਉਦੋਂ ਹੀ ਇਹਨਾਂ ਦੇ ਦਿਲਾਂ ਵਿਚ ਪੰਜਾਬੀ ਹੋਣ ਦਾ ਫਖਰ ਪੈਦਾ ਹੋਏਗਾ। ਪੰਜਾਬ ਪੰਜਾਬੀਅਤ ਦੀ ਗੱਲ ਪਿਛਲੇ ਪੰਦਰਾਂ-ਵੀਹ ਸਾਲਾਂ ਤੋਂ ਖਾਸਕਰ ਪੂਰਬੀ ਪੰਜਾਬ ਵਿਚ ਚਲ ਰਹੀ ਹੈ। ਮੈਂ ਆਪ ਇਸ ਬਾਰੇ ਬਹੁਤ ਸੋਚਿਆ ਹੈ ਕਈ ਵਾਰ ਜਜ਼ਬੇ ਦੀ ਹੱਦ ਤੱਕ ਵੱਡੇ ਵੱਡੇ ਵਿਦਵਾਨ ਪੰਜਾਬੀਅਤ (ਯਾਨੀ ਪੰਜਾਬ ਕਲਚਰ) ਦੀ ਤਸ਼ਰੀਹ ਕਰਦੇ ਹਨ — ਜੀ ਪੰਜਾਬੀ ਬੜੇ ਬਹਾਦਰ ਹੁੰਦੇ ਹਨ, ਪੰਜਾਬੀਆਂ ਨੂੰ ਮੁਹੱਬਤ ਕਰਨੀ ਆਉਂਦੀ ਹੈ, ਪੰਜਾਬੀ ਮਹਿਮਾਨ ਨਿਵਾਜ਼ ਬੜੇ ਹੁੰਦੇ ਹਨ। ਚਲੋ ਮੰਨ ਲਿਆ, ਪਰ ਇਹ ਸਿਫਤਾਂ ਤਾਂ ਹੋਰ ਕੌਮਾਂ ਵਿਚ ਵੀ ਹੋ ਸਕਦੀਆਂ ਹਨ ਅਤੇ ਹੁੰਦੀਆਂ ਵੀ ਹਨ। ਪਰ ਪੰਜਾਬੀਆਂ ਦੇ ਇਹਨਾਂ ਚੰਗੇ ਪਹਿਲੂਆਂ ਉਤੇ ਜ਼ੋਰ ਦਿੰਦਿਆਂ ਸ਼ਾਵਨਵਾਦ ਦਾ ਖਤਰਾ ਬਣਿਆ ਰਹਿੰਦਾ ਹੈ। ਪੰਜਾਬੀਆਂ ਖਾਸ ਕਰ ਸਿੱਖਾਂ ਏਸ ਹੈਂਕੜ ਨੂੰ ਅੰਗਰੇਜ਼ ਬਸਤੀਵਾਦੀਆਂ ਨੇ ਰੱਜ ਕੇ ਪੱਠੇ ਪਾਏ ਸਨ। ਮੇਰੇ ਵਿਚਾਰ ਵਿਚ ਪੰਜਾਬ ਦੇ ਮੂਲ ਪਛਾਨਣ ਦਾ ਮਤਲਬ ਆਪਣੀਆਂ ਖੂਬੀਆਂ ਤੇ ਖਾਮੀਆਂ ਤੋਂ ਜਾਣੂ ਹੋਣਾ ਹੁੰਦਾ ਹੈ। ਤੇ ਦੂਜੀਆਂ ਕੌਮਾਂ ਦੀਆਂ ਖੂਬੀਆਂ ਦਾ ਸਤਿਕਾਰ ਕਰਨਾ ਤੇ ਉਹਨਾਂ ਤੋਂ ਸਿਖਣਾ ਹੁੰਦਾ ਹੈ।

ਬਰਤਾਨੀਆਂ ਵਿਚ ਪੰਜਾਬੀਆਂ ਦੇ ਆਵਾਸ ਨੂੰ ਹਾਲੇ ਮਸਾਂ ਦੋ-ਤਿੰਨ ਦਹਾਕੇ ਹੋਏ ਹਨ। ਸਾਡੇ ਬਹੁਤੇ 'ਸੂਝਵਾਨ' ਇਹ ਭੁੱਲ ਜਾਂਦੇ ਹਨ ਕਿ ਪੰਜਾਬੀਆਂ ਦਾ ਇਹ ਤਜ਼ਰਬਾ ਕੋਈ ਨਵਾਂ ਤੇ ਜੱਗੋਂ ਬਾਹਰਾ ਨਹੀਂ ਹੈ। ਅਮਰੀਕਾ ਕੈਨੇਡਾ ਦੀ ਵੱਡੀ ਮਿਸਾਲ ਸਾਡੇ ਸਾਹਮਣੇ ਹੈ। ਅਮਰੀਕਾ ਵਿਚ ਯੂਨਾਨੀ, ਯਹੂਦੀ, ਚੀਨੀ, ਪੋਲਿਸ਼ ਅਤੇ ਸਪੇਨੀ ਲੋਕਾਂ ਨੇ ਕਈ ਦਹਾਕਿਆਂ ਦੇ ਲੰਮੇ ਕੌੜੇ ਤਜ਼ਰਬੇ ਵਿਚ ਲੰਘ ਕੇ ਵੀ ਆਪਣੇ ਮੂਲ ਨੂੰ ਵਿਸਾਰਿਆ ਨਹੀਂ ਹੈ। ਇਹ ਗੱਲ ਦਰੁਸਤ ਹੈ ਕਿ ਵਿਦੇਸ਼ਾਂ ਵਿਚ ਜਾ ਕੇ ਬੋਲੀ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ। ਮਿਹਨਤਕਸ਼ ਆਬਾਦਕਾਰਾਂ ਉਤੇ ਇਹਦਾ ਵਧੇਰੇ ਅਸਰ ਹੁੰਦਾ ਹੈ। ਈਸਟ ਅਫਰੀਕਾ ਵਿਚ ਪੰਜਾਬੀ ਲੋਕ ਆਪਣੀ ਬੋਲੀ ਤੇ ਰਹੁ-ਰੀਤਾਂ ਤੋਂ ਇੰਨੇ ਨਹੀਂ ਸਨ ਟੁੱਟੇ, ਕਿਉਂਕਿ ਇਹ ਉਥੋਂ ਦੇ ਮੂਲ ਕਾਲੇ ਨਿਵਾਸੀਆਂ ਜਿੰਨੇ ਮਜ਼ਲੂਮ ਨਹੀਂ ਸਨ। ਪਰ ਇੰਗਲੈਂਡ ਦੀ ਗੱਲ ਹੋਰ ਹੈ। ਇਥੋਂ ਦਾ ਅੰਗਰੇਜ਼ ਕਲਚਰ ਆਪਣੀ ਬੋਲੀ ਸਮੇਤ ਹਰ ਕਿਸਮ ਦੇ ਆਬਾਦਕਾਰਾਂ ਉਤੇ ਹਾਵੀ ਹੈ। ਇਸ ਕਰਕੇ ਲੱਖ ਰਤਨ ਕਰਨ ਤੇ ਵੀ ਘਰਾਂ ਵਿਚ ਬੱਚੇ ਆਪਸ ਵਿਚ ਅੰਗਰੇਜ਼ੀ ਵਿਚ ਹੀ ਗੱਲ ਕਰਦੇ ਹਨ। ਆਪਣੀ ਮਾਂ ਬੋਲੀ ਜਾਂ ਸਹਜ ਬੋਲੀ ਵਿਚ ਨਹੀਂ। ਕਿਸੇ ਅੰਗਰੇਜ਼ ਵਿਦਵਾਨ ਦੀ ਇਸ ਗੱਲ ਵਿਚ ਤਲਖ ਸਚਾਈ ਹੈ ਕਿ ਭਲਕ ਨੂੰ ਏਸ਼ੀਆਈ ਬੱਚੇ ਆਪਣੀ ਮਾਂ ਬੋਲੀ ਸੰਕੇਤ (code) ਬੋਲੀ ਦੇ ਤੌਰ ਤੇ ਹੀ ਵਰਤਿਆ ਕਰਨਗੇ। ਜਿਹੜੀ ਮਾੜੀ ਮੋਟੀ ਮਾਂ ਬੋਲੀ ਇਹ ਬੱਚੇ ਬੋਲਦੇ ਵੀ ਹਨ, ਉਹਦੀ ਲਫਾਜ਼ੀ ਬਹੁਤ ਮਹਦੂਦ ਹੁੰਦੀ ਹੈ। ਪਰ ਜ਼ਬਾਨ ਦੇ ਵੱਡੇ ਨੁਕਸਾਨ ਦੇ ਬਾਵਜੂਦ ਵੀ ਆਉਣ ਵਾਲੀਆਂ ਪੁਸ਼ਤਾਂ ਨੂੰ ਪੰਜਾਬੀ ਕਲਚਰ ਦੀਆਂ ਚੰਗੀਆਂ ਗੱਲਾਂ ਕਮ-ਅਜ਼-ਕਮ ਅੰਗਰੇਜ਼ੀ ਕਿਤਾਬਾਂ ਰਾਹੀਂ ਵੀ ਦੱਸੀਆਂ ਜਾ ਸਕਦੀਆਂ ਹਨ। ਪਰ ਪੰਜਾਬੀ ਇਤਿਹਾਸ, ਸਾਹਿਤ, ਸੰਗੀਤ, ਕਲਾਵਾਂ ਬਾਰੇ ਅੰਗਰੇਜ਼ੀ ਵਿਚ ਲਿਖੀਆਂ ਕਿਤਾਬਾਂ ਮਿਲਦੀਆਂ ਕਿਥੇ ਹਨ ?

ਕਈ ਵਾਰ ਬੈਠਿਆਂ-ਬੈਠਿਆਂ ਆਪਾਂ ਨੂੰ ਐਸੀ ਗੱਲ ਫੁਰਦੀ ਹੈ, ਜਿਹਦੇ ਬਾਰੇ ਪਹਿਲਾਂ ਕਦੇ ਸੋਚਿਆ ਨਹੀਂ ਹੁੰਦਾ। ਇਸ ਲੇਖ ਦੇ ਸ਼ੁਰੂ ਵਿਚ ਮੈਂ ਜਿਸ ਮਹਿਫਲ ਦੀ ਗੱਲ ਛੇੜੀ ਸੀ ਉਸੇ ਵਿਚ ਮੈਂ ਇਹ ਗੱਲ ਆਖੀ ਕਿ ਅਸੀਂ ਆਪਣੇ ਬੱਚਿਆਂ ਹਿੰਦੂ ਸਿਖ ਮੁਸਲਮਾਨ ਬਣਾਉਣ ਦੀ ਥਾਂ, ਉਹਨਾਂ ਨੂੰ ਜ਼ਬਰਦਸਤੀ ਹਿੰਦੀ ਅਰਬੀ ਉਰਦੂ ਪੰਜਾਬੀ ਪੜ੍ਹਾਉਣ ਦੀ ਥਾਂ ਉਹਨਾਂ ਨੂੰ ਇਥੋਂ ਦੀਆਂ ਸਮਾਜੀ-ਸਿਆਸੀ-ਸੰਸਥਾਵਾਂ ਵਿਚ ਸ਼ਰੀਕ ਹੋਣ ਲਈ ਕਿਉਂ ਨਹੀਂ ਪ੍ਰੇਰਦੇ। ਲੇਬਰ ਪਾਰਟੀ ਤੱਕ ਇਥੇ ਕਈ ਖੱਬੇ ਪੱਖੀ ਪਾਰਟੀਆਂ ਹਨ। ਸੀ ਐਨ ਡੀ ਹੈ ਤੇ ਹੋਰ ਅਨੇਕਾਂ ਗਰੁਪ ਹਨ। ਜੇ ਅਸੀਂ ਆਪਣੇ ਬੱਚਿਆਂ ਨੂੰ ਇਹਨਾਂ ਵਿਚ ਸਰਗਰਮ ਹੋਣ ਲਈ ਪ੍ਰੇਰੀਏ ਤਾਂ ਸਿਆਸੀ ਚੇਤਨਾ ਆਉਣ ਨਾਲ ਬੱਚਾ ਆਪਣੀਆਂ ਜੜ੍ਹਾਂ ਬਾਰੇ ਜਾਣਨ ਲਈ ਬੇਚੈਨ ਹੋਏਗਾ। ਇਹ ਮੇਰੀ ਆਪਣੀ ਪਰਤਾਈ ਹੋਈ ਗੱਲ ਹੈ। ਮੇਰੀ ਕਿਸੇ ਵਾਕਫ ਬੰਗਾਲੀ ਔਰਤ ਨੇ ਦੱਸਿਆ ਕਿ ਉਹਦੇ ਜਵਾਨ ਪੁੱਤ ਨੇ ਕਿਸੀ ਸਿਆਸੀ ਮੁਹਿਮ ਤੋਂ ਲਿਖਿਆ ਕਿ ਆਪਣੀ ਮਾਂ ਬੋਲੀ 'ਚ ਖਤ ਨਾ ਲਿਖ ਕੇ ਮੈਨੂੰ ਬੜੀ ਸ਼ਰਮ ਆ ਰਹੀ ਹੈ। ਵਾਪਸ ਘਰ ਆ ਕੇ ਉਸੇ ਬੱਚੇ ਨੇ ਦਿਲ ਲਾਕੇ ਬੰਗਲਾ ਪੜ੍ਹਨੀ ਲਿਖਣੀ ਸਿਖ ਲਈ।

ਇਹ ਗੱਲਾਂ ਦੁਹਰਾਈਆਂ ਜਾਣ ਦਾ ਕੋਈ ਮਤਲਬ ਨਹੀਂ ਕਿ ਇਸ ਪੂੰਜੀਵਾਦ ਸਮਾਜ ਵਿਚ ਆਰਥਿਕ ਲਿਹਾਜ਼ ਨਾਲ ਅਸੀਂ ਵਿਜੋਗੀ ਤਾਂ ਹੁੰਦੇ ਹੀ ਹਾਂ, ਪਰ ਆਪਣੇ ਰੰਗ ਤੇ ਬੋਲੀ ਕਾਰਨ ਇਹ ਵਿਜੋਗ ਹੋਰ ਵੀ ਸ਼ਦੀਦ ਹੁੰਦਾ ਹੈ। ਇਹ ਵਿਜੋਗ ਨੂੰ ਦੂਰ ਕਰਨ ਦਾ ਮਤਲਬ ਇਹ ਨਹੀਂ ਕਿ ਅਸੀਂ ਇਸ ਸਮਾਜ ਨਾਲ ਇਕਸੁਰ ਹੋ ਜਾਈਏ, ਸਗੋਂ ਅਣਵਿਜੋਗ (Disalienation) ਦਾ ਤਰੀਕਾ ਇਹੀ ਹੈ, ਕਿ ਆਪਣਾ ਮੂਲ ਪਛਾਣੀਏ।

ਕਲਚਰ ਦੀ ਇਹ ਰਾਮ ਕਹਾਣੀ ਕਦੇ ਮੁਕਦੀ ਨਹੀਂ। ਮੈਂ ਇਹ ਖਿਲਰਵੇਂ ਵਿਚਾਰ ਏਸ ਮਕਸਦ ਨਾਲ ਲਿਖੇ ਹਨ ਕਿ ਪਾਠਕ ਲੇਖਕ ਬੇਝਿਜਕ ਹੋ ਕੇ ਪੰਜਾਬੀ ਕਲਚਰ ਬਾਰੇ ਲਿਖਣ।

## ਜਗਜੀਤ ਜ਼ੀਰਵੀ ਨੂੰ ਸੰਗੀਤ ਪੁਜਾਰੀ ਐਵਾਰਡ

ਮੋਗਾ, (ਪ. ਟ. ਬ.) -ਦਿੱਲੀ ਯੂਥ ਕੌਂਸਲ ਵਲੋਂ 1985 ਦੇ ਵਿਸ਼ਵ ਮਾਮਲਿਆਂ ਲਈ ਸੰਗੀਤ ਪੁਜਾਰੀ ਐਵਾਰਡ ਵਾਸਤੇ ਪੰਜਾਬ ਦੇ ਪ੍ਰਸਿੱਧ ਕਲਾਕਾਰ ਜਗਜੀਤ ਸਿੰਘ ਜ਼ੀਰਵੀ ਨੂੰ ਚੁਣਿਆ ਗਿਆ ਹੈ।

ਜਾਣਕਾਰੀ ਅਨੁਸਾਰ 31 ਅਕਤੂਬਰ ਨੂੰ ਇੱਕ ਖਾਸ ਸਮਾਰੋਹ ਉਤੇ ਰਾਸ਼ਟਰਪਤੀ ਆਰ. ਵੈਂਕਟਰਮਨ ਵਲੋਂ ਇਹ ਐਵਾਰਡ ਦਿੱਤਾ ਜਾਵੇਗਾ। ਜ਼ੀਰਵੀ ਰੇਡੀਓ ਅਤੇ ਟੈਲੀਵੀਜ਼ਨ ਦਾ ਪ੍ਰਸਿੱਧ ਕਲਾਕਾਰ ਕਰ ਕੇ ਜਾਣਿਆਂ ਜਾਂਦਾ ਹੈ। ਜ਼ੀਰਵੀ ਨੇ ਬਹੁਤ ਸਾਰੇ ਕੌਮਾਂਤਰੀ ਮੇਲਿਆਂ ਵਿਚ ਪੰਜਾਬ ਦੀ ਪ੍ਰਤੀਨਿਧਤਾ ਕੀਤੀ ਹੈ।

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Bhupinder Dhaliwal
Off: 685-7364
Res: 589-1559


Bhupinder Dhaliwal

# .ਗ਼ਜ਼ਲਾਂ

**ਭਖਤ ਸਿਘ**

ਇਵੇਂ ਖਿੜਾਂ ਗਾ, ਜੇ ਝੱਖੜ ਦਾ ਰੂਪ ਧਾਰੋ ਗੇ ।
ਵਿਸ਼ਾਲ ਹੋਰ ਵੀ ਹੋਵਾਂ ਗਾ, ਜੇ ਖਿਲਾਰੋ ਗੇ ।

ਪਤਾ ਸੀ ਮੈਨੂੰ ਜਦੋਂ ਲਿਸ਼ਕਿਆ ਸਾਂ ਸ਼ੀਸ਼ੇ ਵਾਂਗ
ਤੁਸੀਂ ਖਿਝੋ ਗੇ ਤਾਂ ਪੱਥਰ ਜ਼ਰੂਰ ਮਾਰੋ ਗੇ ।

ਪਤਾ ਨਹੀਂ ਕਦੋਂ ਧੁੱਪਾਂ ਨੂੰ ਮੋੜਨੇ ਪੈ ਜਾਣ,
ਕਿਸੇ ਵੀ ਬਿਰਛ ਦੀ ਛਾਵੇਂ ਜੋ ਪਲ ਗੁਜ਼ਾਰੋ ਗੇ ।

ਅਸਾਡਾ ਰੂਪ ਹੋ ਜਾਓ, ਤੁਹਾਨੂੰ ਵਰ ਦਿੱਤਾ,
ਖਲਾ 'ਚ ਮਹਿਲ, ਹਵਾ ਵਿਚ ਕਿਲੇ ਉਸਾਰੋ ਗੇ ।

ਤੁਸੀਂ ਖੁਦਾ ਸਹੀ ਪਰ ਸਹੁੰ ਤੁਹਾਡੀ ਸੂਲੀ ਦੀ,
ਮੈਂ ਬੁਤ ਬਣਾਂਗਾ, ਤੁਸੀਂ ਆਰਤੀ ਉਤਾਰੋ ਗੇ ।

ਜਦੋਂ ਮੈਂ ਬਲਦਿਆਂ ਖੰਭਾਂ ਸਮੇਤ ਉੱਡਾਂ ਗਾ,
ਕਿਵੇਂ ਤਾਂ ਮੇਰੀ ਉਡਾਰੀ ਦਾ ਦੁੱਖ ਸਹਾਰੋ ਗੇ ?

ਹਵਾ ਦੇ ਚੂਹਲ ਵੀ ਜੰਜਾਲ ਬਣਨ ਗੇ ਜੀ ਦਾ,
ਘੜੀ ਮੁੜੀ ਖਿਛੇ ਵਾਲਾਂ ਨੂੰ ਜਦ ਸੰਵਾਰੋ ਗੇ ।

ਤੁਸੀਂ ਧਨੀ ਹੋ ਤਾਂ ਸਾਡੇ ਤਨਾਂ ਦੇ ਬੂਹੇ ਤੇ,
ਲਹੂ ਦੇ ਦਾਨ ਲਈ ਝੋਲੀਆਂ ਪਸਾਰੋ ਗੇ ।

ਪੁਲਾੜ ਨਾਲ ਵੀ ਜਦ ਬਰ ਮਿਰੇ ਨਾ ਸੋਚਾਂ ਦਾ,
ਸਿਮਟ ਕੇ ਜ਼ਾਤ ਦੇ ਜ਼ੱਰੇ 'ਚ ਕੀ ਵਿਚਾਰੋ ਗੇ ?

ਖਿੜੇ ਨ ਰੰਗ ਜੇ ਪੈਰਾਂ ਦੇ ਛਾਲਿਆਂ ਵਿਚਲੇ,
ਸਮੇਂ ਦੇ ਚਿਤਰ ਦਾ ਚਿਹਰਾ ਕਿਵੇਂ ਨਿਖਾਰੋਗੇ ?

ਕਰੋ ਗੇ ਰੌਸ਼ਨੀ ਕਿਸ ਕਿਸ ਗਗਨ ਦੀ ਛੱਤ ਹੇਠਾਂ,
ਗਗਨ ਅਨੰਤ ਨੇ ਜਦ, ਅੰਤ ਨੂੰ ਤਾਂ ਹਾਰੋ ਗੇ ।

ਤੁਹਾਡੀ ਅਪਣੀਓ ਛਾਂ ਮਨ ਹੀ ਮਨ 'ਚ ਹੱਸੇ ਗੀ,
ਜੇ ਟਾਟਕੇ 'ਚ ਕਿਸੇ ਬਿਰਛ ਨੂੰ ਪੁਕਾਰੋ ਗੇ ।

2.

ਖੁਦ ਆਪਣੀ ਅਕਲ ਦੀ ਖਿੱਲੀ ਉਡਾਉਂਦੇ ਫਿਰਦੇ ਸਨ ।
ਹਨੇਰੀਆਂ 'ਚ ਜੋ ਦੀਵੇ ਜਗਾਉਂਦੇ ਫਿਰਦੇ ਸਨ ।

ਨਕੇਲ ਪਾਉਂਦੇ ਇਨ੍ਹਾਂ ਵਾਵਰੋਲਿਆਂ ਦੇ ਕਿਵੇਂ,
ਇਸ਼ਾਰਿਆਂ ਤੇ ਜੋ ਤੀਲੇ ਮਚਾਉਂਦੇ ਫਿਰਦੇ ਸਨ ?

ਜੋ ਮਨਚਲੇ ਨਹੀਂ ਤਾਂ ਹੋਰ ਕੀ ਸਨ ਇਹ ਮੌਜੀ,
ਅਜੇ ਵੀ ਪਾਟੀਆਂ ਆਸਾਂ ਹੰਢਾਉਂਦੇ ਫਿਰਦੇ ਸਨ ।

ਨਾ ਦਮ ਦਮਾਂ 'ਚ, ਨਾ ਸਾਹਾਂ 'ਚ ਜ਼ੋਰ ਸੀ ਤਾਂ ਹੀ,
ਕਿਲੇ ਖਲਾ 'ਚ ਹਵਾਈ ਬਣਾਉਂਦੇ ਫਿਰਦੇ ਸਨ

ਸਿਰਾਂ ਤੇ ਭਾਵੇਂ ਸੀ ਤਾਰਾ ਸਵੇਰ ਦਾ ਫਿਰ ਵੀ,
ਹਨੇਰੇ ਜਸ਼ਨ ਖੁਸ਼ੀ ਦੇ ਮਨਾਉਂਦੇ ਫਿਰਦੇ ਸਨ ।

ਇਨ੍ਹਾਂ ਦੇ ਹੱਥਾਂ 'ਚ ਸਨ ਭਾਵੇਂ ਬੀਜ ਫੁੱਲਾਂ ਦੇ,
ਨਾ ਮੰਨੋ, ਫੇਰ ਵੀ ਥੋਰ੍ਹਾਂ ਉਗਾਉਂਦੇ ਫਿਰਦੇ ਸਨ ।

ਬੜੇ ਅਜੀਬ ਸਨ ਇਹ ਲੋਕ ਜਿਹੜੇ ਹੰਝੂਆਂ ਨਾਲ,
ਦਿਲ 'ਚ ਬਲਦੀਆਂ ਅੱਗਾਂ ਬੁਝਾਉਂਦੇ ਫਿਰਦੇ ਸਨ ।

ਘਰੋਂ ਤਾਂ ਨਿਕਲੇ ਸਨ ਉੱਚੇ ਮੁਨਾਰੇ ਢਾਉਣ ਲਈ,
ਪਰ ਉਂਜ ਆਪੋ 'ਚ ਮੱਥੇ ਭੰਨਾਉਂਦੇ ਫਿਰਦੇ ਸਨ ।

ਇਨ੍ਹਾਂ ਤੇ ਹਸਦੀ ਨ ਕਿੱਦਾਂ ਹਵਾ ਜ਼ਮਾਨੇ ਦੀ,
ਜੋ ਇਸ ਦੇ ਰਾਹਾਂ 'ਚ ਕੰਡੇ ਵਿਛਾਉਂਦੇ ਫਿਰਦੇ ਸਨ ?

ਕੁਝ ਐਸੇ ਜ਼ਖਮ ਵੀ ਸਨ ਜੋ ਲਹੂ ਲਹੂ ਹੋਏ,
ਸਮੇਂ ਦੀ ਕੰਧ ਤੇ ਛਿੱਟਾਂ ਖਿਡਾਉਂਦੇ ਫਿਰਦੇ ਸਨ ।

ਸੁਨਹਿਰੀ ਅੱਖਰਾਂ 'ਚ, ਰੁੱਖਾਂ ਦੇ ਸੁੱਕੇ ਪਤਿਆਂ ਤੇ,
ਅਜੀਬ ਸਿਰ ਫਿਰੇ ਸਨ ਨਾਂ ਲਿਖਾਉਂਦੇ ਫਿਰਦੇ ਸਨ ।

ਜਿਨ੍ਹਾਂ ਦੇ ਕਾਲਜੇ ਲੂਸੇ ਪਏ ਸਨ ਆਹਾਂ ਨਾਲ,
ਕਮਾਲ ਹੈ ਕਿ ਅਜੇ ਮੁਸਕਰਾਉਂਦੇ ਫਿਰਦੇ ਸਨ ।

ਜੋ ਬਾਜ਼ ਹੋ ਕੇ ਵੀ ਵਾਂਝੇ ਉਡਾਰੀਆਂ ਤੋਂ ਰਹੇ,
ਬਸ ਐਵੇਂ ਲਾਜ ਹੀ ਖੰਭਾਂ ਨੂੰ ਲਾਉਂਦੇ ਫਿਰਦੇ ਸਨ ।

ਉਲਝ ਉਲਝ ਗਏ ਆਪੋ 'ਚ ਤਾਣੀਆਂ ਵਾਂਗੂ,
ਜੋ ਸਬਜ਼ ਬਾਗ਼ ਅਸਾਨੂੰ ਵਿਖਾਉਂਦੇ ਫਿਰਦੇ ਸਨ ।





ਅਚਾਨਕ ਢਲੀ ਰਾਤ ਤਾਂ ਹਸ ਪਈ ਸੀ ।
ਹਨੇਰੇ ਦੇ ਗਲ ਵਿਚ ਕਿਰਨ ਫਸ ਗਈ ਸੀ ।

ਕਿਵੇਂ ਰੁਤ ਦੁਹਾਈ ਨ ਪਾਉਂਦੀ ਕਿ ਮੁਸ਼ਕਾਂ,
ਘਟਾ ਹਰ ਸਿਤਾਰੇ ਦੀਆਂ ਕਸ ਗਈ ਸੀ ।

ਕਿਤੇ ਦੂਰ ਦੀਵੇ ਜਹੇ ਜਗ ਪਏ ਸਨ,
ਖਿਆਲਾਂ 'ਚ ਉਸ ਦੀ ਡਲ੍ਹਕ ਵਸ ਗਈ ਸੀ ।

ਘਟਾ ਛਾ ਗਈ ਸੀ ਮਧੁਰ ਸੁਪਨਿਆਂ ਦੀ,
ਕਿਤੇ ਦੂਰ ਦੁੱਖਾਂ ਦੀ ਧੁਪ ਨਸ ਗਈ ਸੀ ।

ਕਿਦ੍ਹੀ ਯਾਦ ਸੀ, ਜਿੰਦ ਦੀ ਪੁੜਪੁੜੀ ਵਿਚ,
ਜੋ ਚਾਨਣ ਦਾ ਮੱਖਣ ਜਿਹਾ ਝਸ ਗਈ ਸੀ ।

ਗ਼ਸ਼ੀ ਨਾਲ ਬੇਸੁਧ ਸੀ ਧੁੱਪਾਂ ਦਾ ਰਾਹੀ,
ਵਿਚਾਰੇ ਨੂੰ ਰੁੱਖਾਂ ਦੀ ਛਾਂ ਡਸ ਗਈ ਸੀ ।

ਸੀ ਟਿੱਕੀ ਨਿਰੇ ਨੂਰ ਦੀ ਜੋ ਅਪਛਰਾਂ,
ਕਿਵੇਂ ਵੇਂਹਦਿਆਂ ਵੇਂਹਦਿਆਂ ਘਸ ਗਈ ਸੀ

ਮਸਾਂ ਛਿਣ ਕੁ ਜੋ ਝਾਤ ਪਾਈ ਸੀ ਉਸ ਨੇ,
ਬੜਾ ਕੁਝ ਬਿਨਾਂ ਬੋਲਿਆਂ ਦਸ ਗਈ ਸੀ ।

ਫਜਰ ਦੀ ਲਾਲੀ ਵੀ ਹੈ ਤੇ ਤੁਪਕਿਆਂ ਦੇ ਦੀਪ ਵੀ,
ਤੇਰਿਆਂ ਨੈਣਾਂ 'ਚ ਬਹਿਕੇ ਆ ਰਹੀ ਪ੍ਰਭਾਤ ਹੈ ।

ਆਪਣੇ ਸੀਨੇ 'ਤੇ ਵਾਲਾਂ ਨੂੰ ਖਿਲਾਰੀ ਜਾ ਰਿਹਾਂ,
ਜ਼ੁਲਫ 'ਚੋਂ ਤਾਂ ਬਿਜਲੀਆਂ ਦੀ ਬਰਸਣੀ ਬਰਸਾਤ ਹੈ ।



# ਵਿਸ਼ ਦਾ ਖੰਜਰ

**ਹਰਭਜਨ ਸਿੰਘ ਹੁੰਦਲ**

ਵਿਸ਼ ਦਾ ਭਰਿਆ,
ਕੇਹਾ ਖੰਜਰ
ਹਿਰਦੇ ਸਾਡੇ ਉਤਰਿਆ
ਚੰਦਰਾ ਰੋਗ ਚੰਬੜਿਆ ਦੇਹ ਨੂੰ,
ਨਾ ਕੋਈ ਚਾਰਾ ਗਰ ਮਿਲਦਾ ਹੈ,
ਨਾ ਕੋਈ ਹਮਦਰਦੀ,
ਹਰ ਚੌਰਸਤੇ,
ਪਕੜ ਬੰਦੂਕ ਖਲੋਤੀ ਵਰਦੀ ।

ਮਚਲਾ ਹੋਇਆ,
ਹਾਕਮ ਕੈਸੀ ਚੁੱਪ ਵੱਟੀ ਹੈ,
ਚੋਰ ਖੁਦਾ ਨੂੰ ਲੈ ਕੇ ਕਿੱਥੇ ਚੱਲੇ ਨੇ,
ਕਿਸ ਹਰਕਾਰੇ ਘੱਲੇ ਨੇ ।

ਕਿਸ ਨੂੰ ਖਬਰ ਸੀ,
ਇਹ ਸਾਰਾ ਕੁਝ,
ਏਸ ਤਰ੍ਹਾਂ ਵੀ ਹੋਣਾ ਸੀ,
ਪੁੱਟੇ ਬਿਰਖਾਂ, ਝੱਖੜ ਪਿੱਛੋਂ ।
ਇੰਜ ਨਥਾਵੇਂ ਰੋਣਾ ਸੀ ।

ਜੀ ਕੀ ਝੱਲਾਂ ਇਹ ਦਿਲ ਸਾਡਾ ਝੱਲ ਰਿਹਾ ਹੈ,
ਮਹਿਮ ਸਰਵਲਾਂ ਮੱਲ ਰਿਹਾ ਹੈ,

ਅੱਖਰ ਅੱਖਰ ਰੱਤ ਰੋਂਦੀ ਹੈ,
ਬੋਲ ਬੋਲ 'ਚ ਪੀੜਾਂ ਨੇ,
ਕੇਹੀਆਂ ਬਣੀਆਂ ਇਸ ਮਿੱਟੀ ਨੂੰ ਭੀੜਾਂ ਨੇ ।

ਹਮਦਰਦਾਂ ਨੂੰ,
ਲਿਖ ਲਿਖ ਹਾਰ ਗਿਆ ਹਾਂ ਰੁੱਕੇ,
ਵਾਂਗ ਵਰੋਲੇ ਮੂੰਹ 'ਤੇ ਵੱਜਣ ।
ਉਡਦੇ ਪੱਤਰ ਸੁੱਕੇ ।

ਸਾਡਾਂ ਪਿੱਛੋਂ,
ਦਰਦ ਨਾ ਕੋਈ ਘਟਿਆ ਹੈ,
ਚਿੰਤਾਵਾਂ ਦਾ ਨਾ ਬੱਦਲ ਹੀ ਫਟਿਆ ਹੈ ।

ਬੂਹੇ ਭੰਨਾਂ, ਧੱਕੇ ਮਾਰਾਂ,
ਸੁੱਤੇ ਪਿੰਡ ਨੂੰ,
ਕਿਹੜੇ ਨਾਂ ਦੇ ਨਾਲ ਪੁਕਾਰਾਂ,
ਖੌਰੇ ਕਿਹੜੀ ਗੋਲੀ ਖਾ ਕਿ ਸੁੱਤਾ ਹੈ,
ਭੌਕ ਰਿਹਾ ਬੱਸ ਇਕ ਅਵਾਰਾ ਕੁੱਤਾ ਹੈ ।

ਕਿਥੇ ਪਹਿਰੇਦਾਰ ਗਏ ਨੇ ਸੌਂ,
ਕੋਈ ਲੱਭੋ,
ਜੋ ਪਿੰਡ ਨੇ ਹੈ ਵੱਸਦੇ ਰਹਿਣਾ,
ਜੇ ਬੱਚਿਆਂ ਨੂੰ,
ਚਾਹੀਦੇ ਸੱਤਰੰਗ ਸੁਪਨੇ,
ਪਰੀ-ਕਹਾਣੀ,
ਲਾਲ ਖਿਡੌਣੇ,
ਜੇ ਮੁਟਿਆਰਾਂ,
ਗੁਲ ਮੋਹਰ ਦੇ ਫੁੱਲਾਂ ਵਾਗੂੰ ਹੱਸਦੇ ਰਹਿਣਾ ।

ਤਾਂ ਫਿਰ ਪਹਿਲਾਂ,
ਕਾਲੀ ਚੁੱਪ ਨੂੰ ਤੋੜਨ ਵਾਲੀ,
ਰੌਸ਼ਨੀਆਂ ਦੀ ਬਾਤ ਸੁਣਾਓ,
ਡੈ ਦੇ ਸੰਘਣੇ ਜੰਗਲ ਵਿਚੋਂ ਬਾਹਰ ਆਓ,
ਕਾਤਲ-ਚਿਹਰੇ ਉਤੋਂ ਸਾਰੇ,
ਰੰਗ-ਬਰੰਗੇ ਪਰਦੇ ਲਾਹੋ,
ਨਾ ਘਬਰਾਓ ।


# Hans Appliances

ਅਸੀਂ ਫਰਿਜ਼, ਸਟੋਵ, ਡਰਾਇਰ, ਵਾਸ਼ਰ, ਮਾਈਕਰੋਵੇਵ ਤੇ ਹੋਰ ਘਰੇਲੂ ਐਪਲਾਈਂਸਜ਼ ਦੀ ਮੁਰੰਮਤ ਕਰਦੇ ਹਾਂ ।



We also buy/sell old & new appliances
Reasonable Rates
Phone 585-0782





## ਉਤਰੀ ਅਮਰੀਕਾ ਦਾ ਪਹਿਲਾ ਤੇ ਨਿਰੋਲ ਪੰਜਾਬੀ ਸਾਹਿਤਕ ਮਾਸਕ ਪੱਤਰ

# ਕਲਮ

- ਸਾਲਾਨਾ ਚੰਦਾ 15 ਡਾਲਰ
- ਜੇ ਕੋਈ ਸੱਜਣ ਇੰਡੀਆ, ਇੰਗਲੈਂਡ ਜਾਂ ਹੋਰ ਕਿਸੇ ਦੇਸ਼ ਨੂੰ ਪਰਚਾ ਭਿਜਵਾਉਣਾ ਚਾਹੁੰਦਾ ਹੋਵੇ ਤਾਂ ਪਰਚੇ ਦਾ ਚੰਦਾ 25 ਡਾਲਰ ਹੋਵੇਗਾ ।

## ਚੰਦੇ ਦਾ ਫ਼ਾਰਮ

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :
Name.......................................................
Address.......................................................
City.......................................................
Province.......................................................
Postal code.......................................................
PHONE.

**ਰਚਨਾਵਾਂ ਤੇ ਚੰਦੇ ਅੱਜ ਹੀ ਭੇਜੋ**

ਭੇਜਣ ਦਾ ਪਤਾ :

The KALAM Monthly
P.O.BOX 67344 Stn. '0'
Vancouver, B.C., Canada V5W 3T1

# ਕੇਂਦਰ ਰਾਹਤ ਦੇਣ 'ਚ ਫੇਲ੍ਹ

## 2500 ਮਨੁੱਖੀ ਜਾਨਾਂ ਔੜ ਦੀ ਭੇਟ ਹੋ ਗਈਆਂ

ਸ਼ਿਮਲਾ — ਕੁਲ ਹਿੰਦ ਕਬਾਇਲੀ ਅਤੇ ਘੱਟ ਗਿਣਤੀਆਂ ਦੇ ਕਮਿਸ਼ਨ ਦੇ ਚੇਅਰਮੈਨ ਐਮ ਐਸ ਨੇਗੀ ਅਨੁਸਾਰ ਪਿਛਲੇ ਛੇ ਮਹੀਨਿਆਂ ਦੌਰਾਨ ਦੇਸ਼ ਦੇ ਕਬਾਇਲੀ ਇਲਾਕਿਆਂ ਵਿਚ ਕੋਈ 2500 ਕਬਾਇਲੀ ਲੋਕ ਤੇ 125000 ਤੋਂ ਵੱਧ ਪਸ਼ੂ ਭੁਖਮਰੀ ਅਤੇ ਬਿਮਾਰੀਆਂ ਕਾਰਨ ਮਰ ਚੁਕੇ ਹਨ। ਏਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਨੇਗੀ ਨੇ ਕਿਹਾ ਕਿ ਸਿਰਫ ਉੜੀਸਾ ਵਿਚ ਹੀ ਪਿਛਲੇ ਤਿੰਨ ਮਹੀਨਿਆਂ ਦੌਰਾਨ 400 ਕਬਾਇਲੀ ਲੋਕ ਭੁਖਮਰੀ ਕਾਰਨ ਮਰ ਚੁਕੇ ਹਨ। ਉਹਨਾਂ ਕਿਹਾ ਕਿ ਉੜੀਸਾ ਵਿਚ ਕੋਸ਼ੀਪੁਰ ਜ਼ਿਲੇ ਦਾ ਕੋਸ਼ੀਪੁਰ ਬਲਾਕ ਔੜ ਦੀ ਭਿਆਨਕ ਮਾਰ ਹੇਠਾਂ ਆਇਆ। ਉਨ੍ਹਾਂ ਅਗੇ ਕਿਹਾ ਕਿ ਰਾਜਿਸਥਾਨ ਬਿਹਾਰ, ਗੁਜਰਾਤ ਅਤੇ ਮੱਧ-ਪ੍ਰਦੇਸ਼ ਦੂਸਰੇ ਸੂਬੇ ਹਨ ਜਿਥੇ ਭੁਖਮਰੀ ਕਾਰਨ ਮੌਤਾਂ ਹੋਈਆਂ ਅਤੇ ਕਬਾਇਲੀ ਲੋਕਾਂ ਦੀ ਹਾਲਤ ਦੁਖਦਾਈ ਹੈ।

ਉਹਨਾਂ ਦੋਸ਼ ਲਗਾਇਆ ਕਿ ਸਰਕਾਰ ਔੜ ਦੀ ਮਾਰ ਹੇਠ ਆਏ ਲੋਕਾਂ ਦੇ ਦੁੱਖ-ਤਕਲੀਫਾਂ ਨੂੰ ਦੂਰ ਕਰਨ ਵਿਚ ਉਕਾ ਹੀ ਅਸਫਲ ਰਹੀ ਹੈ ਅਤੇ ਕਬਾਇਲੀ ਇਲਾਕਿਆਂ ਵਿਚ ਭੋਜਨ, ਚਾਰੇ ਤੇਲ ਤੇ ਪੀਣ ਵਾਲਾ ਪਾਣੀ ਦੀ ਕਿਲਤ ਹੈ। ਉਹਨਾਂ ਕਿਹਾ ਕਿ ਰਾਹਿਤ ਕਾਰਜਾਂ ਵਿਚੋਂ ਸਰਕਾਰੀ ਅਧਿਕਾਰੀ ਅਤੇ ਦੂਸਰੀਆਂ ਏਜੰਸੀਆਂ ਆਪਣੀਆਂ ਜੇਬਾਂ ਭਰ ਰਹੇ ਹਨ ਜਦੋਂ ਕਿ ਅਸਲ ਦੁੱਖ ਝੱਲਣ ਵਾਲਿਆਂ ਦੇ ਪੱਲੇ ਕੁਝ ਨਹੀਂ ਪਾਇਆ ਜਾ ਰਿਹਾ। ਅਤੇ ਸਰਕਾਰ ਵਲੋਂ ਇਸ ਸਬੰਧ 'ਚ ਕੋਈ ਕਦਮ ਨਹੀਂ ਚੁਕਿਆ ਜਾ ਰਿਹਾ।

# ਏਡਜ਼ ਦੀ ਮਰੀਜ ਸੰਬੰਧੀ ਡਾ: ਦਾ ਦਾਅਵਾ

ਜਲੰਧਰ — ਨਵਾਂ ਸ਼ਹਿਰ ਕਸਬੇ ਦਾ ਡਾਕਟਰ ਗੁਰਬਖਸ਼ ਸਿੰਘ ਗੁਰਨਾਮ ਕੌਰ ਨਾਮੀ ਏਡਜ਼ ਦੀ ਮਰੀਜ਼ ਔਰਤ ਦਾ ਇਲਾਜ ਕਰ ਰਿਹਾ ਸੀ। ਜਿਸ ਦਾ ਪਤੀ ਇਸੇ ਹੀ ਬੀਮਾਰੀ ਕਾਰਨ ਪਿਛਲੇ ਸਾਲ ਜਲੰਧਰ ਸਿਵਲ ਹਸਪਤਾਲ ਵਿਚ ਦਮ ਤੋੜ ਗਿਆ ਸੀ। ਉਸਦਾ ਇਲਾਜ ਕੁਝ ਸਮਾਂ ਪਹਿਲਾਂ ਉਦੋਂ ਬੰਦ ਕਰ ਦਿੱਤਾ ਗਿਆ ਸੀ ਜਦੋਂ ਮਰੀਜ਼ ਸਿਵਲ ਹਸਪਤਾਲ ਜਲੰਧਰ ਵਿਚ ਦਾਖਲ ਕਰਾ ਦਿੱਤਾ ਗਿਆ ਸੀ। ਡਾ: ਗੁਰਬਖਸ਼ ਸਿੰਘ ਨੇ ਫਿਰ ਦਾਅਵਾ ਕੀਤਾ ਹੈ ਕਿ ਜਿਥੋਂ ਤੱਕ ਏਡਜ਼ ਦਾ ਸਬੰਧ ਹੈ ਸ੍ਰੀਮਤੀ ਗੁਰਨਾਮ ਕੌਰ ਦਾ ਇਲਾਜ ਹੋ ਚੁਕਾ ਹੈ।



ਨੇਰ੍ਹ ਨਫਰਤ ਦਾ ਮਨਾਂ 'ਚੋਂ ਦੂਰ ਹੋਵੇ,
ਆਓ ਕੁਝ ਸਾਂਝਾਂ ਦੇ ਦੀਵੇ ਬਾਲੀਏ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5






# ਖਾੜਕੂ ਰੋਲ ਕਰਨ ਵਾਲੀਆਂ ਹੀਰੋਇਨਾਂ ਦਾ ਬਾਜ਼ਾਰ ਗਰਮ

ਨਿਰਮਾਤਾ ਰਾਮਾ ਜੀ ਰਾਓ ਅਤੇ ਨਿਰਦੇਸ਼ਕ ਐਨ ਚੰਦਰਾ ਦੀ ਫਿਲਮ 'ਪ੍ਰਤੀਘਾਤ' ਦੀ ਰਿਕਾਰਡ ਤੋੜ ਸਫਲਤਾ ਨੇ ਖਾੜਕੂ ਔਰਤਾਂ ਦੇ ਵਿਸ਼ੇ ਤੇ ਆਧਾਰਿਤ ਫਿਲਮਾਂ ਲਈ ਇਕ ਨਵਾਂ ਮੈਦਾਨ ਬਣਾ ਦਿਤਾ ਹੈ। ਪਿਛਲੇ ਕਈ ਸਾਲਾਂ ਤੋਂ, ਜਦ ਤੋਂ ਅਮਿਤਾਭ ਬਚਨ ਨੇ ਫਿਲਮਾਂ ਵਿਚ ਖਾੜਕੂ ਰੋਲ ਕਰਨੇ ਸ਼ੁਰੂ ਕੀਤੇ ਸਨ, ਹਿੰਦੀ ਫਿਲਮਾਂ ਦੀ ਹੀਰੋਇਨ ਕੇਵਲ ਗਾਣੇ ਗਾਉਣ ਵਾਲੀ ਗਲੈਮਰ ਗਰਲ ਬਣ ਕੇ ਹੀ ਰਹਿ ਗਈ ਸੀ ਕਿਉਂਕਿ ਅਮਿਤਾਭ ਟਾਈਪ ਫਿਲਮਾਂ ਵਿਚ ਹੀਰੋਇਨਾਂ ਦਾ ਨਾ ਬਹੁਤਾ ਮਹੱਤਵ ਹੁੰਦਾ ਹੈ ਅਤੇ ਨਾ ਹੀ ਉਸ ਲਈ ਕਹਾਣੀ ਵਿਚ ਕੋਈ ਵਧੀਆ ਰੋਲ ਰਖਿਆ ਜਾਂਦਾ ਹੈ। 'ਪ੍ਰਤੀਘਾਤ' ਦੀ ਹੀਰੋਇਨ ਸੁਜਾਤਾ ਮਹਿਤਾ ਬਿਲਕੁਲ ਅਮਿਤਾਭ ਟਾਈਪ ਰੋਲ ਵਿਚ ਦਿਖਾਈ ਗਈ ਹੈ ਜੋ ਡਟ ਕੇ ਮਰਦ ਸਮਾਜ ਦੇ ਜਬਰ ਜ਼ੁਲਮ ਦਾ ਮੁਕਾਬਲਾ ਕਰਦੀ ਹੈ, ਉਸ ਨੂੰ ਤਕੜੇ ਦਿਲ ਨਾਲ ਸਹਿੰਦੀ ਹੈ ਤੇ ਉਸ ਨੂੰ ਖਤਮ ਕਰਨ ਲਈ ਹਿੰਸਾ ਤੇ ਉਤਾਰੂ ਹੋ ਜਾਂਦੀ ਹੈ। ਦਰਸ਼ਕਾਂ ਨੇ ਸੁਜਾਤਾ ਮਹਿਤਾ ਨੂੰ ਇਸ ਸ਼ੀ-ਅਮਿਤਾਭ ਰੋਲ ਵਿਚ ਕਾਫੀ ਪਸੰਦ ਕੀਤਾ ਹੈ। ਫਿਲਮ ਦੀ ਸਫਲਤਾ ਪਿਛੋਂ ਹੁਣ ਬਹੁਤ ਸਾਰੀਆਂ ਹੀਰੋਇਨ ਪ੍ਰਧਾਨ ਫਿਲਮਾਂ ਬੜੇ ਜ਼ੋਰ ਸ਼ੋਰ ਨਾਲ ਆਉਣੀਆਂ ਸ਼ੁਰੂ ਹੋ ਗਈਆਂ ਹਨ। ਕੁਝ ਸਾਲ ਪਹਿਲਾਂ ਹੀਰੋਇਨਾਂ ਲਈ ਬਹੁਤਾ ਲੰਬਾ ਕੱਦ ਹੋਣਾ ਵੀ ਠੀਕ ਨਹੀਂ ਸਮਝਿਆ ਜਾਂਦਾ ਸੀ, ਲੇਕਿਨ ਇਨ੍ਹਾਂ ਸ਼ੀ-ਅਮਿਤਾਭ ਸਟਾਈਲ ਫਿਲਮਾਂ ਨੇ ਲੰਮਸਲੰਮੀਆਂ ਕੁੜੀਆਂ ਦੀ ਮਾਰਕੀਟ ਵਿਚ ਵੀ ਤੇਜ਼ੀ ਲੈ ਆਂਦੀ ਹੈ। ਅਰਚਨਾ ਪੂਰਨ ਸਿੰਘ ਨੇ 'ਜਲਵਾ' ਵਿਚ ਕੁਝ ਕਸਰਤ ਦੇ ਦ੍ਰਿਸ਼ਾਂ ਦੇ ਨਾਲ ਨਾਲ ਜੂਡੋ ਕਰਾਟੇ ਸਟਾਈਲ ਐਕਸ਼ਨ ਦੇ ਕੇ ਖਾੜਕੂ ਫਿਲਮਾਂ ਦੇ ਨਿਰਮਾਤਾਵਾਂ ਲਈ ਆਪਣੇ ਨਾਂ ਦਾ ਖਾਸ ਆਕਰਸ਼ਣ ਪੈਦਾ ਕਰ ਦਿੱਤਾ ਹੈ। ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਮਾਰਕੁਟਾਈ ਭਰਪੂਰ ਨਾਇਕਾ ਪ੍ਰਧਾਨ ਫਿਲਮਾਂ ਵਾਲੇ ਨਿਰਮਾਤਾਵਾਂ ਦੀ ਅਰਚਨਾ ਦੇ ਘਰ ਲਾਈਨ ਲੱਗੀ ਦਿਖਾਈ ਦਿੰਦੀ ਹੈ।

ਖਾੜਕੂ ਤੀਵੀਆਂ ਦੇ ਇਸ ਫਿਲਮੀ ਯੁਗ ਵਿਚ ਕਈ ਸਿਆਣੇ ਨਿਰਮਾਤਾਵਾਂ ਨੇ ਬਾਬੇ ਆਦਮ ਵੇਲੇ ਦੀਆਂ ਪੁਰਾਣੀਆਂ ਹੀਰੋਇਨਾਂ ਨੂੰ ਕਬਰਾਂ 'ਚੋਂ ਕੱਢ ਲਿਆਂਦਾ ਹੈ ਜਿਨ੍ਹਾਂ ਨੂੰ ਉਹ ਅੱਜ ਦੇ ਲਿਬਾਸ ਅਤੇ ਗਲੈਮਰ ਵਿਚ ਢਾਲ ਕੇ ਸਫਲ ਫਿਲਮਾਂ ਬਣਾਉਣ ਦੇ ਯਤਨ ਅਰੰਭ ਕਰ ਚੁਕੇ ਹਨ। ਇਸ ਦੌੜ ਵਿਚ ਨਿਰਮਾਤਾ ਰਾਜ ਕੁਮਾਰ ਤੇ ਲੇਖਕ ਰਜਿੰਦਰ ਸਿੰਘ ਆਤਿਸ਼ ਸਭ ਤੋਂ ਅੱਗੇ ਹਨ ਜਿਨ੍ਹਾਂ ਨੇ ਆਪਣੀ ਫਿਲਮ ਦਾ ਨਾਂ ਹੀ 'ਨਾਡੀਆ ਜਾਨ' ਰੱਖਿਆ ਹੈ, ਜਿਸ ਦੀ ਹੀਰੋਇਨ ਐਕਸ਼ਨ ਤਲਵਾਰਬਾਜ਼ੀ, ਤੀਰਅੰਦਾਜ਼ੀ, ਘੋੜ ਸਵਾਰੀ ਅਤੇ ਸੈਕਸ ਆਕਰਸ਼ਨ ਨਾਲ ਦਰਸ਼ਕਾਂ ਨੂੰ ਸਿਨਮਾਂ ਘਰਾਂ ਵੱਲ ਖਿਚੇਗੀ। ਇਸ ਫਿਲਮ ਦੀ ਡਾਇਰੈਕਸ਼ਨ ਵੀ ਖੁਦ ਆਤਿਸ਼ ਦੇ ਰਿਹਾ ਹੈ। ਹੀਰੋਇਨ ਅਜੇ ਸਬਜੈਕਟ ਮੁਤਾਬਿਕ ਕੋਈ ਨਹੀਂ ਲੱਭ ਸਕੀ। ਆਤਿਸ਼ ਨੇ ਦੱਸਿਆ ਕਿ ਸਾਨੂੰ ਇਸ ਰੋਲ ਲਈ ਲੰਮੀ ਤੇ ਸੋਹਣੀ ਕੁੜੀ ਚਾਹੀਦੀ ਹੈ ਪਰ ਦੋਨੋਂ ਗੁਣਾਂ ਵਾਲੀ ਕੋਈ ਲੜਕੀ ਅਜੇ ਤੱਕ ਨਹੀਂ ਟਕਰੀ। ਤਲਾਸ਼ ਜਾਰੀ ਹੈ।

## ਕ੍ਰਿਕਟਰ ਯੋਗਰਾਜ ਸਿੰਘ ਵਧੀਆ ਐਕਟਰ ਵੀ ਹੈ!

ਨਿਰਮਾਤਾ ਨਿਰਦੇਸ਼ਕ ਉਤਮ ਤੁਲਸੀ ਦੀ ਨਵੀਂ ਰੀਲੀਜ਼ ਹੋਈ ਫਿਲਮ ਦੇ ਮੁੱਖ ਆਕਰਸ਼ਨ ਕ੍ਰਿਕਟ ਸਟਾਰ ਯੋਗਰਾਜ ਸਿੰਘ ਨੇ ਐਕਟਿੰਗ ਦੇ ਖੇਤਰ ਵਿਚ ਵੀ ਵਧੀਆ ਰੋਲ ਕਰਕੇ ਦਰਸ਼ਕਾਂ ਦੀ ਵਾਹਵਾ ਖੱਟੀ ਹੈ। ਇਸ ਤੋਂ ਪਹਿਲਾਂ ਯੋਗਰਾਜ ਨੇ ਨਿਰਮਾਤਾ-ਨਿਰਦੇਸ਼ਕ ਵਰਿੰਦਰ ਦੀ ਫਿਲਮ 'ਬਟਵਾਰਾ' ਵਿਚ ਵੀ ਖਲਨਾਇਕ ਦਾ ਰੋਲ ਕੀਤਾ ਸੀ। 'ਯਾਰ ਗਰੀਬਾਂ ਦਾ' ਵਿਚ ਯੋਗਰਾਜ ਨੇ ਇਕ ਖਾੜਕੂ ਮਜ਼ਦੂਰ ਲੀਡਰ ਦਾ ਰੋਲ ਕੀਤਾ ਹੈ। ਹਾਲਾਂ ਕਿ ਕਈ ਦ੍ਰਿਸ਼ਾਂ ਵਿਚ ਉਹ ਓਵਰ ਲੱਗਦਾ ਹੈ ਫਿਰ ਵੀ ਸਮੁੱਚੇ ਤੌਰ 'ਤੇ ਉਸ ਨੇ ਸਾਬਤ ਕਰ ਦਿੱਤਾ ਹੈ ਕਿ ਉਹਨੇ ਸਤੀਸ਼ ਕੌਲ, ਦਿਲਜੀਤ ਕੌਰ ਅਤੇ ਵਿਜੇ ਟੰਡਨ ਜਿਹੇ ਹੰਢੇ ਵਰਤੇ ਪੰਜਾਬੀ ਕਲਾਕਾਰਾਂ ਸਾਹਮਣੇ ਆਪਣੀ ਐਕਟਿੰਗ ਦਾ ਲੋਹਾ ਮਨਵਾਇਆ ਹੈ। ਹਾਲਾਂ ਕਿ ਉਪਰੋਕਤ ਸਾਰੇ ਐਕਟਰ ਵੀ ਆਪੋ ਆਪਣੀ ਅਦਾਕਾਰੀ ਵਿਚ ਠੀਕ ਹਨ ਪਰ ਯੋਗਰਾਜ ਸਭ ਤੇ ਛਾਇਆ ਰਿਹਾ। ਵਿਜੇ ਟੰਡਨ ਨੇ ਬਾਗੀ ਮਜ਼ਦੂਰ ਦੇ ਰੋਲ ਵਿਚ ਉਸ ਨੂੰ ਬਰਾਬਰ ਦੀ ਟੱਕਰ ਦਿੱਤੀ ਹੈ, ਖਾਸ ਕਰ ਮੌਤ ਦੇ ਦ੍ਰਿਸ਼ ਵਿਚ ਉਹ ਸਭ ਦਰਸ਼ਕਾਂ ਦਾ ਦਿਲ ਜਿੱਤ ਲੈਂਦਾ ਹੈ। ਮਿਹਰ ਮਿੱਤਲ ਦੀ ਕਾਮੇਡੀ ਕਈ ਥਾਈਂ ਵਧੀਆ ਤੇ ਕਈ ਥਾਈਂ ਆਮ ਪੱਧਰ ਦੀ ਹੈ। ਹਰ ਦ੍ਰਿਸ਼ ਵਿਚ ਉਸ ਨਾਲ ਕੁੜੀ ਬਦਲ ਦੇਣ ਦੀ ਗੱਲ ਸਮਝ ਨਹੀਂ ਆਈ। ਸਤੀਸ਼ ਕੌਲ ਤੇ ਦਿਲਜੀਤ ਕੌਰ ਰੁਮਾਂਟਿਕ ਦ੍ਰਿਸ਼ਾਂ ਵਿਚ ਫਬਦੇ ਹਨ।

'ਯਾਰ ਗਰੀਬਾਂ ਦਾ' ਦੀ ਕਹਾਣੀ ਮਾਲਕਾਂ ਅਤੇ ਮਜ਼ਦੂਰਾਂ ਦੇ ਸੰਘਰਸ਼ ਦੀ ਸਮੱਸਿਆ ਹੈ ਜਿਸ ਦਾ ਵਾਤਾਵਰਣ ਸ਼ਹਿਰੀ ਹੈ। ਫਿਲਮ ਦਾ ਗੀਤ ਸੰਗੀਤ ਸਵਰਗੀਯ ਇੰਦਰਜੀਤ ਸਿੰਘ ਤੁਲਸੀ ਦਾ ਤਿਆਰ ਕੀਤਾ ਹੋਇਆ ਹੈ। ਸੰਗੀਨ ਧੁਨਾਂ ਮਿੱਠੀਆਂ ਤੇ ਪਿਆਰੀਆਂ ਹਨ ਖਾਸ ਕਰ 'ਕਾਲੀਆਂ ਇੱਟਾਂ ਕਾਲੇ ਰੋੜ' ਬਹੁਤ ਪਿਆਰਾ ਹੈ। ਫਿਲਮ ਦੀ ਫੋਟੋਗਰਾਫੀ ਖੂਬਸੂਰਤ ਹੈ ਹਾਲਾਂ ਕਿ ਕਿਤੇ ਕਿਤੇ ਲਿਬਾਰਟਰੀ ਨੁਕਸ ਕਰਕੇ ਪ੍ਰਿੰਟ ਖਰਾਬ ਹਨ। ਨਿਰਮਾਤਾ-ਨਿਰਦੇਸ਼ਕ ਉਤਮ ਤੁਲਸੀ ਨੇ ਫਿਲਮ 'ਯਾਰ ਗਰੀਬਾਂ ਦਾ' ਲਈ ਬੜੀ ਮਿਹਨਤ ਕੀਤੀ ਹੈ। ਉਸ ਦੀ ਡਾਇਰੈਕਸ਼ਨ ਬੜੀ ਵਧੀਆ ਹੈ ਪਰ ਕੇਵਲ ਵਿਸ਼ਾ ਚੁਣਨ ਦੇ ਮਾਮਲੇ ਵਿਚ ਉਹ ਗਲਤੀ ਕਰ ਗਿਆ ਲੱਗਦਾ ਹੈ। ਇਹੋ ਜਿਹੇ ਵਿਸ਼ਿਆਂ ਤੇ ਹਿੰਦੀ ਫਿਲਮਾਂ ਬੜੀਆਂ ਵਧੀਆ ਬਣਦੀਆਂ ਹਨ। ਖੇਤਰੀ ਫਿਲਮਾਂ ਲਈ ਵਾਤਾਵਰਣ ਬਹੁਤ ਹੀ ਜ਼ਰੂਰੀ ਸਮਝਿਆ ਜਾਂਦਾ ਹੈ ਜਿਸ ਦੀ ਘਾਟ ਇਸ ਫਿਲਮ ਵਿਚ ਰੜਕਦੀ ਹੈ। ਪੰਜਾਬ ਦੇ ਖੇਤ, ਲਹਿਰਾਉਂਦੀਆਂ ਫਸਲਾਂ, ਖੂਹ, ਟੋਭੇ ਤੇ ਨਹਿਰਾਂ ਕਿਤੇ ਨਜ਼ਰ ਨਹੀਂ ਆਉਂਦੀਆਂ। ਕਿੰਨਾ ਚੰਗਾ ਹੁੰਦਾ ਜੇ ਤੁਲਸੀ ਵਲੋਂ ਏਨੀ ਮਿਹਨਤ ਪੰਜਾਬ ਦੇ ਪੇਂਡੂ ਵਾਤਾਵਰਣ ਨੂੰ ਫਿਲਮਾਉਣ ਤੇ ਕੀਤੀ ਗਈ ਹੁੰਦੀ।


ਸੁਜਾਤਾ ਮਹਿਤਾ : ਪ੍ਰਤੀਘਾਤ ਨੇ ਨਵੀਂ ਲਹਿਰ ਚਲਾਈ।

## 'ਯਾਰੀ ਜੱਟ ਦੀ' ਨੇ ਨਵੇਂ ਰਿਕਾਰਡ ਕਾਇਮ ਕੀਤੇ

ਜਿਵੇਂ ਕਿ ਅਸੀਂ ਪਿਛਲੇ ਹਫਤੇ ਲਿਖਿਆ ਸੀ ਕਿ ਪੰਜਾਬੀ ਫਿਲਮ 'ਯਾਰੀ ਜੱਟ ਦੀ' ਨੂੰ ਮਿਲੀ ਮੁਢਲੀ ਸਫਲਤਾ ਨੇ ਪੰਜਾਬੀ ਫਿਲਮ ਇੰਡਸਟਰੀ ਨਾਲ ਜੁੜੇ ਹੋਏ ਲੋਕਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਹਨ, ਨਿਰਦੇਸ਼ਕ ਵਰਿੰਦਰ ਦੀ ਇਸ ਫਿਲਮ ਨੇ ਕਈ ਟਰੇਡ ਜੋਤਸ਼ੀਆਂ ਦੀਆਂ ਭਵਿਖ ਬਾਣੀਆਂ ਝੁਠਲਾ ਦਿੱਤੀਆਂ ਹਨ ਕਿ ਪੰਜਾਬੀ ਫਿਲਮਾਂ ਲਈ ਮੌਸਮ ਖੁਸ਼ਗਵਾਰ ਨਹੀਂ ਹੈ। ਬਾਕਸ ਆਫਿਸ ਤੇ ਫਿਲਮ ਨੇ ਪੱਕੇ ਪੈਰ ਜਮਾ ਲਏ ਹਨ ਅਤੇ ਸਫਲਤਾ ਦੇ ਨਵੇਂ ਰਿਕਾਰਡ ਕਾਇਮ ਕਰ ਲਏ ਹਨ। ਜਲੰਧਰ ਦੇ ਜਯੋਤੀ ਸਿਨਮਾ ਵਿਚ ਪਿਛਲੇ ਡੇਢ ਸਾਲ ਤੋਂ ਕਿਸੇ ਵੀ ਵੱਡੀ ਛੋਟੀ ਫਿਲਮ ਦਾ ਪਹਿਲਾ ਸ਼ੋਅ ਇਕ ਹਫਤੇ ਤਕ ਹਾਊਸ ਫੁੱਲ ਨਹੀਂ ਹੋ ਸਕਿਆ।

'ਯਾਰੀ ਜੱਟ ਦੀ' ਨੇ ਦੋ ਹਫਤੇ ਤੱਕ ਲਗਾਤਾਰ ਪਹਿਲੇ ਦੋ ਸ਼ੋਅ ਓਵਰ ਪੈਕ ਕਰਕੇ ਇਕ ਨਵਾਂ ਰਿਕਾਰਡ ਬਣਾਇਆ ਹੈ ਤੇ ਇਹ ਲਾਈਨਾਂ ਛਪਣ ਤੱਕ ਹਾਊਸ ਫੁਲ ਜਾ ਰਹੀ ਹੈ।

'ਯਾਰੀ ਜੱਟ ਦੀ' ਤੋਂ ਪਹਿਲਾਂ ਜਿਹੜੇ ਸਿਨਮਿਆਂ ਵਾਲੇ ਦੁਹਾਈ ਦੇ ਰਹੇ ਸਨ ਕਿ ਦੋ ਹਫਤੇ ਸਿਨਮਾ ਬੰਦ ਕਰ ਲੈਣਾ ਮਨਜ਼ੂਰ ਹੈ ਪਰ ਪੰਜਾਬੀ ਫਿਲਮ ਨਹੀਂ ਲਾਉਣੀ ਉਹ ਹੀ ਡਿਸਟ੍ਰੀਬਿਊਟਰ ਦੇ ਦਫਤਰ ਅੱਗੇ ਆਪਣੇ ਸਿਨਮੇ ਦੀ ਵਾਰੀ ਲਾਉਣੀ ਲਈ ਗੇੜੇ ਲਾਉਂਦੇ ਨਜ਼ਰ ਆਉਂਦੇ ਹਨ।

ਇਹ ਸਭ ਕੁਝ ਲਿਖ ਕੇ ਅਸੀਂ ਫਿਰ ਆਪਣੀ ਪੁਰਾਣੀ ਗੱਲ ਦੁਹਰਾਅ ਰਹੇ ਹਾਂ ਕਿ ਪੰਜਾਬੀ ਦਰਸ਼ਕ ਸਿਆਣਾ ਹੋ ਚੁਕਾ ਹੈ। ਇਹ ਗੱਲ ਬਿਲਕੁਲ ਗਲਤ ਹੈ ਕਿ ਪੰਜਾਬੀ ਦਰਸ਼ਕ ਪਿੰਡਾਂ 'ਚੋਂ, ਘਰਾਂ ਚੋਂ ਸਿਨਮਾ ਦੇਖਣ ਨਹੀਂ ਨਿਕਲਦਾ। ਪੰਜਾਬੀ ਦਰਸ਼ਕ ਦਾ ਸੁਆਦ ਵਧੀਆ ਬਣ ਚੁਕਾ ਹੈ ਅਤੇ ਉਹ ਵਧੀਆ ਫਿਲਮ ਰਾਹੀਂ ਆਕਰਸ਼ਿਤ ਕੀਤਾ ਜਾ ਸਕਦਾ ਹੈ। ਪਿਛਲੇ ਦੋ ਸਾਲਾਂ ਵਿਚ ਰਿਲੀਜ਼ ਹੋਈਆਂ ਫਿਲਮਾਂ ਦਾ ਸਿਨਮਾ ਖਿੜਕੀ ਤੇ ਟਿਕ ਨਾ ਸਕਣ ਦੇ ਮੁਖ ਕਾਰਨ ਇਹੀ ਸਨ ਕਿ ਲਗਪਗ ਸਾਰੇ ਨਿਰਮਾਤਾ ਨਿਰਦੇਸ਼ਕ ਨਵੀਆਂ ਬੋਤਲਾਂ ਵਿਚ ਪੁਰਾਣੀ ਸ਼ਰਾਬ ਪਾ ਕੇ ਦਰਸ਼ਕਾਂ ਨੂੰ ਨਸ਼ਿਆਉਣਾ ਚਾਹੁੰਦੇ ਸਨ। ਘਿਸੇ ਪਿਟੇ ਵਿਸ਼ਿਆਂ ਤੇ ਬਣੀਆਂ ਇਹਨਾਂ ਫਿਲਮਾਂ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਨਹੀਂ ਦਿੱਤਾ ਹਾਲਾਂ ਕਿ ਇਹਨਾਂ ਵਿਚੋਂ ਕੁਝ ਫਿਲਮਾਂ ਦਾ ਹੀਰੋ ਪੰਜਾਬੀਆਂ ਦੇ ਦਿਲਾਂ ਵਿਚ ਘਰ ਕਰ ਚੁਕਿਆ ਹਰਮਨ ਪਿਆਰਾ ਗਾਇਕ ਗੁਰਦਾਸ ਮਾਨ ਸੀ।

ਹੁਣ ਵੀ ਟਰੇਡ ਦੇ ਕੁਝ 'ਪੰਡਿਤ' ਵਰਿੰਦਰ ਦੀ ਇਸ ਫਿਲਮ ਦੀ ਸਫਲਤਾ ਨੂੰ 'ਤੁੱਕਾ ਲਗ ਜਾਣਾ' ਆਖ ਰਹੇ ਹਨ ਪਰ ਉਨ੍ਹਾਂ ਨੂੰ ਇਹ ਗੱਲ ਮੰਨਣੀ ਹੀ ਪਵੇਗੀ ਕਿ ਵਰਿੰਦਰ ਇਕ ਸੁਲਝਿਆ ਹੋਇਆ ਪੰਜਾਬੀ ਨਿਰਦੇਸ਼ਕ ਹੈ ਅਤੇ ਸਮੇਂ ਦੀ ਚਾਲ ਢਾਲ ਮੁਤਾਬਿਕ ਦਰਸ਼ਕਾਂ ਦੀ ਨਬਜ਼ ਪਛਾਨਣ ਵਿਚ ਉਸ ਨੂੰ ਮੁਹਾਰਤ ਹਾਸਲ ਹੈ। ਉਸ ਨੇ ਨੌਜਵਾਨਾਂ ਵਿਚ ਪ੍ਰਚਲਿਤ ਹੋ ਚੁਕੇ ਪੰਜਾਬੀ ਸੰਗੀਤ ਨੂੰ 'ਯਾਰੀ ਜੱਟ ਦੀ' ਵਿਚ ਵਰਤ ਕੇ ਪੰਜਾਬੀ ਦਰਸ਼ਕਾਂ ਦਾ ਮਨ ਮੋਹ ਲਿਆ ਹੈ ਜਿਸ ਦਾ ਸਬੂਤ ਸਿਨਮਾਂ ਘਰਾਂ ਅਗੇ ਲਗੀਆਂ ਦਰਸ਼ਕਾਂ ਦੀਆਂ ਕਤਾਰਾਂ ਹਨ। ਫਿਲਮ ਦੀਆਂ ਬੋਲੀਆਂ 'ਗੁੜ ਨਾਲੋਂ ਇਸ਼ਕ ਮਿੱਠਾ' ਹਰ ਦੁਕਾਨ ਤੇ ਹਰ ਘਰ ਵਿਚ ਵਜਦੀਆਂ ਸੁਣਾਈ ਦੇ ਰਹੀਆਂ ਹਨ। ਪੰਜਾਬੀ ਫਿਲਮਾਂ ਦੇ ਇਕ ਸੰਕਟਮਈ ਦੌਰ ਵਿਚੋਂ ਜੇਤੂ ਦੇ ਰੂਪ ਵਿਚ ਅਗੇ ਆਉਣ ਅਤੇ ਪੰਜਾਬੀ ਫਿਲਮ ਇੰਡਸਟਰੀ ਨੂੰ ਹੌਂਸਲਾ ਦੇਣ ਲਈ ਵਰਿੰਦਰ ਵਾਰ ਵਾਰ ਵਧਾਈ ਦਾ ਹੱਕਦਾਰ ਹੈ।

* ਜਯੋਤੀ ਪ੍ਰੋਡਕਸ਼ਨ ਦੀ ਫਿਲਮ 'ਪਿਆਰ ਕੀ ਪਹਿਲੀ ਨਜ਼ਰ' ਦੀਆਂ ਚੌਦਾਂ ਰੀਲਾਂ ਤਿਆਰ ਹੋ ਗਈਆਂ ਹਨ। ਰਮੇਸ਼ ਬੇਦੀ ਦੁਆਰਾ ਡਾਇਰੈਕਟ ਕੀਤੀ ਜਾ ਰਹੀ ਇਸ ਫਿਲਮ 'ਚ ਕੰਵਲਜੀਤ, ਪ੍ਰੀਤਿਮਾ, ਰਣਜੀਤਾ ਤੇ ਜਗਦੀਪ ਨੇ ਮੁਖ ਭੂਮਿਕਾਵਾਂ ਨਿਭਾਈਆਂ ਹਨ। ਸੁਲੋਚਨਾ ਇਸ ਫਿਲਮ ਦੀ ਸੰਗੀਤ ਨਿਰਦੇਸ਼ਕਾ ਹੈ।

* ਇਕ ਸੱਤ ਰੋਜ਼ਾ ਬਲਗਾਰੀਆ ਦੀਆਂ ਫਿਲਮਾਂ ਦਾ ਮੇਲਾ ਦਿੱਲੀ ਵਿਖੇ ਚਲ ਰਿਹਾ ਹੈ ਜਿਸਦਾ ਪ੍ਰਬੰਧ ਫੈਡਰੇਸ਼ਨ ਆਫਿ ਫਿਲਮ ਸੁਸਾਇਟੀ ਆਫ ਇੰਡੀਆ ਨੇ ਕੀਤਾ ਹੈ। ਇਹਦੇ ਵਿਚ 'ਦਾ ਲਾਸਟ ਪੇਗਾਨ', 'ਵੇਅਰ ਆਰ ਯੂ ਗੋਇੰਗ', 'ਦਾ ਗੋਲਡਨ ਗਰਲ', 'ਇਲੀਸਨ' ਤੇ 'ਦਾ ਡੇ ਆਫ ਦਾ ਰੂਲਰਜ਼' ਆਦਿ ਬਲਗਾਰੀਆ ਦੀਆਂ ਫਿਲਮਾਂ ਦਿਖਾਈਆਂ ਜਾ ਰਹੀਆਂ ਹਨ।

# The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

Ph. 774-8671

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.

## AMAN REALTY

1223 MARICHAM ROAD, WINNIPEG, MAN. R3T 4B1

MLS

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba

## NORTH AMERICAN LIFE ASSURANCE CO.

To Your Needs Which You Can Afford

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ

ਰਾਜ ਸਿੰਘ ਮਾਨ

ਜਾਂ

ਸੁਖਜਿੰਦਰ ਸਿੰਘ ਢਿੱਲੋਂ

ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Sukhjinder S. Dhillon
Res: 669-2573



Raj Singh Maan Sales Manager
Res. 694-0731
Commissioner for oaths

# GILL AUTO SALES

7762 - Edmonds St., Burnaby, B.C. DLR #8220

**Ph. 522- 2122**

## ਨਵੀਆਂ 'ਤੇ ਪੁਰਾਣੀਆਂ ਹਰ Make ਦੀਆਂ ਕਾਰਾਂ

# ਸਪੈਸ਼ਲ ਸੇਲ ਉਤੇ ਹਨ

**ਨਵੀਆਂ ਕਾਰਾਂ ਸਪੈਸ਼ਲ ਰੇਟਾਂ ਉਤੇ ਅਸੀਂ ਲੈ ਕੇ ਦੇ ਸਕਦੇ ਹਾਂ**

**Special Brake Job**

**Front Brakes**

**$55.00**

**Rear Brakes**

**$45.00**

ਅੱਜ ਹੀ ਫੋਨ ਕਰੋ ਜਾਂ ਮਿਲੋ

**ਪ੍ਰਲਾਦ ਗਿੱਲ**

**Ph. 522-2122**

ਤੁਹਾਡੇ ਸੈਂਕੜੇ ਡਾਲਰਾਂ ਦੀ

ਬੱਚਤ ਕਰ ਸਕਦੇ ਹਾਂ

**SPECIAL TUNE-UP RATES**

| | |
|---|---|
| 4 cyl. | $24+Parts |
| 6 cyl. | $34+Parts |
| 8 cyl. | $44+Parts |



**GILL VAN CONVERSION**

Special van interior from **$699.00 each**
Brand new bench seats from **$250.00 each**
Captain chairs from **$195.00 ea.**
Sofa beds from **$425.00 ea.**

*Full line of van accessery also available*
*Come & ask for free estimate*
*No obligation or*

**GILL AUTO REPAIR**

- Certified mechanic
- Cheapest rate
- Guaranteed work

***For more information call:***

**Ph. 522-2122**

**Parlad Gill**

# ਗਿੱਲ ਆਟੋ ਸੇਲਜ਼

7762 - ਇਡਮੰਡਜ਼ ਸਟਰੀਟ, ਬਰਨਬੀ, ਬੀ. ਸੀ.

ਫ਼ੋਨ : 522-2122